SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 223 | Thursday, December 07, 2023 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਵਾਅਨ ਵਿੱਚ ਕੋਈ ਪਦਾਰਥ ਲੀਕ ਹੋਣ ਤੋਂ ਬਾਅਦ ਖਾਲੀ ਕਰਵਾਇਆ ਗਿਆ ਥਿਏਟਰ




ਵਾਅਨ, 6 ਦਸੰਬਰ (ਪੋਸਟ ਬਿਊਰੋ) : ਵਾਅਨ ਵਿੱਚ ਇੱਕ ਮੂਵੀ ਥਿਏਟਰ ਨੂੰ ਉਸ ਸਮੇਂ ਖਾਲੀ ਕਰਵਾ ਲਿਆ ਗਿਆ ਜਦੋਂ ਬਿਲਡਿੰਗ ਵਿੱਚ ਕੋਈ ਪਦਾਰਥ ਲੀਕ ਹੋਣ ਦੀ ਜਾਣਕਾਰੀ ਮਿਲੀ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਯੌਰਕ ਰੀਜਨਲ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਮੰਗਲਵਾਰ ਨੂੰ ਰਾਤੀਂ 9:30 ਵਜੇ ਦੇ ਨੇੜੇ ਤੇੜੇ ਹਾਈਵੇਅ 7 ਤੇ ਵੈਸਟਨ ਰੋਡ ਨੇੜੇ ਸਿਨੇਪਲੈਕਸ ਥਿਏਟਰ ਸੱਦਿਆਂ ਗਿਆ। ਪੁਲਿਸ ਮੁਤਾਬਕ ਲੱਗਭਗ 200 ਲੋਕਾਂ ਨੂੰ ਥਿਏਟਰ ਵਿੱਚੋਂ ਬਾਹਰ ਕੱਢਣਾ ਸੀ। ਵੁੱਡਬ੍ਰਿੱਜ ਦੇ ਰੀਓਕੈਨ ਕੌਲੋਸਸ ਸੈਂਟਰ ਦੀ ਸਾਰੀ ਇਮਾਰਤ ਖਾਲੀ ਕਰਵਾ ਲਈ ਗਈ ਪਰ ਬਾਅਦ ਵਿੱਚ ਇਸ ਨੂੰ ਲੋਕਾਂ ਲਈ ਮੁੜ ਖੋਲ੍ਹ ਦਿੱਤਾ ਗਿਆ। ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ।

ਪੁਲਿਸ ਅਜੇ ਤੱਕ ਇਹ ਨਹੀਂ ਦੱਸ ਪਾਈ ਕਿ ਲੀਕ ਹੋਇਆ ਪਦਾਰਥ ਅਸਲ ਵਿੱਚ ਕੀ ਸੀ ਪਰ ਪੁਲਿਸ ਦਾ ਇਹ ਜ਼ਰੂਰ ਮੰਨਣਾ ਹੈ ਕਿ ਇਹ ਕਿਸੇ ਦੀ ਸੋਚੀ ਸਮਝੀ ਸਾਜ਼ਿਸ਼ ਸੀ। ਇਸ ਨੂੰ ਮੁਜਰਮਾਨਾ ਕਾਰਵਾਈ ਮੰਨ ਕੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਅਜੇ ਤੱਕ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋਈ।

# ਜਿਊਲਰੀ ਸਟੋਰ ਦੇ ਸ਼ੀਸ਼ੇ ਭੰਨ੍ਹ ਕੇ ਡਾਕਾ ਮਾਰ ਲੈ ਗਏ ਤਿੰਨ ਮਸ਼ਕੂਕ

ਨੌਰਥ ਯੌਰਕ, 6 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਮਾਲ ਵਿੱਚ ਇੱਕ ਆਲ੍ਹਾ ਦਰਜੇ ਦੇ ਜਿਊਲਰੀ ਸਟੋਰ ਦੇ ਸ਼ੀਸ਼ੇ ਨੂੰ ਭੰਨ੍ਹ ਕੇ ਮਸ਼ਕੂਕਾਂ ਨੇ ਡਾਕਾ ਮਾਰਨ ਦੀ ਕੋਸ਼ਿਸ਼ ਕੀਤੀ। ਪੁਲਿਸ ਤਿੰਨ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

ਮੰਗਲਵਾਰ ਰਾਤ ਨੂੰ 8:45 ਦੇ ਨੇੜੇ ਤੇੜੇ ਯੌਰਕਡੇਲ ਮਾਲ ਵਿੱਚ ਪੁਲਿਸ ਅਧਿਕਾਰੀਆਂ ਨੂੰ ਡਾਕੇ ਦੀ ਜਾਣਕਾਰੀ ਦੇ ਕੇ ਸੱਦਿਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਤਿੰਨ ਮਸ਼ਕੂਕ ਕਾਰਟੀਅਰ ਸਟੋਰ ਵਿੱਚ ਦਾਖਲ ਹੋਏ ਤੇ ਉਨ੍ਹਾਂ ਡਿਸਪਲੇਅ ਕੇਸਾਂ ਨੂੰ ਤੋੜ ਕੇ ਜੋ ਹੱਥ ਆਇਆ ਲੈ ਕੇ ਤੇ ਉੱਥੋਂ ਤੁਰਦੇ ਬਣੇ। ਇਹ ਡਾਕਾ ਉਸ ਸਮੇਂ ਪਿਆ ਜਦੋਂ ਅਜੇ ਮਾਲ ਲੋਕਾਂ ਲਈ ਖੁੱਲ੍ਹਿਆ ਹੋਇਆ ਸੀ। ਵੀਕਨਾਈਟਸ ਉੱਤੇ ਇਹ ਅਕਸਰ 9:30 ਵਜੇ ਬੰਦ ਹੁੰਦਾ ਹੈ। ਯੌਰਕਡੇਲ ਨੇ ਇੱਕ ਬਿਆਨ ਵਿੱਚ ਆਖਿਆ ਕਿ ਇਸ ਘਟਨਾ ਵਿੱਚ ਕੋਈ ਮੁਲਾਜ਼ਮ ਜਾਂ ਕੋਈ ਗਾਹਕ ਜ਼ਖ਼ਮੀ ਨਹੀਂ ਹੋਇਆ।



ਜਿਨ੍ਹਾਂ ਮਸ਼ਕੂਕਾਂ ਦੀ ਪੁਲਿਸ ਭਾਲ ਕਰ ਰਹੀ ਹੈ ਉਨ੍ਹਾਂ ਵਿੱਚੋਂ ਇੱਕ ਨੇ ਕਾਲੇ ਰੰਗ ਦੀ ਟੋਪੀ, ਕਾਲਾ ਫੇਸ ਮਾਸਕ, ਕਾਲਾ ਸਵੈਟਰ, ਕਾਲਾ ਬੈਕਪੈਕ, ਭੂਰੀ ਪੈਂਟ ਤੇ ਚਿੱਟੇ ਜੁੱਤੇ ਪਾਏ ਹੋਏ ਸਨ,ਦੂਜਾ, ਜਿਸ ਦਾ ਕੱਦ ਪੰਜ ਫੁੱਟ ਅੱਠ ਇੰਚ ਹੋਵੇਗਾ, ਨੇ ਕਾਲੇ ਰੰਗ ਦਾ ਹੁੱਡ ਵਾਲਾ ਸਵੈਟਰ, ਚਿੱਟੀ ਜੈਕੇਟ, ਕਾਲੀ ਪੈਂਟ ਤੇ ਕਾਲੇ ਜੁੱਤੇ ਪਾਏ ਹੋਏ ਸਨ, ਤੀਜੇ ਵਿਅਕਤੀ ਨੇ ਕਾਲੀ ਜੈਕੇਟ, ਫਿੱਕੀ ਨੀਲੀ ਜੀਨਜ਼ ਤੇ ਕਾਲੇ ਜੁੱਤੇ ਪਾਏ ਹੋਏ ਸਨ।

ਟੋਰਾਂਟੋ ਫਾਇਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪੁਲਿਸ ਵੱਲੋਂ ਕਾਲ ਆਈ ਸੀ ਕਿ ਯੌਰਕਡੇਲ ਮਾਲ ਦੇ ਆਲੇ ਦੁਆਲੇ ਸਮਾਨ ਪਿਆ ਹੈ ਜਿਸ ਕਾਰਨ ਅੜਿੱਕਾ ਪੈ ਰਿਹਾ ਹੈ ਪਰ ਇੱਥੇ ਇਹੋ ਜਿਹਾ ਕੋਈ ਸਮਾਨ ਨਹੀਂ ਮਿ-ਲਿਆ। ਫਾਇਰ ਅਧਿਕਾਰੀਆਂ ਵੱਲੋਂ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਗਈ ਕਿ ਇਹ ਕਾਲ ਡਾਕੇ ਦੇ ਨਾਲ ਸਬੰਧਤ ਸੀ ਜਾਂ ਨਹੀਂ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਰੂਸ ਦੇ ਰਾਸ਼ਟਰਪਤੀ ਪੁਤਿਨ ਨੇ ਪਹਿਲੀ ਵਾਰ ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਦਾ ਕੀਤਾ ਦੌਰਾ



ਮਾਸਕੋ, 6 ਦਸੰਬਰ (ਪੋਸਟ ਬਿਊਰੋ): ਯੂਕਰੇਨ ਨਾਲ ਜੰਗ ਦੇ ਲਗਭਗ 22 ਮਹੀਨਿਆਂ ਬਾਅਦ ਪਹਿਲੀ ਵਾਰ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੋ ਵੱਡੇ ਮੁਸਲਿਮ ਦੇਸ਼ਾਂ ਦੇ ਦੌਰੇ 'ਤੇ ਰਵਾਨਾ ਹੋਏ ਹਨ। ਉਨ੍ਹਾਂ ਦਾ ਇਹ ਦੌਰਾ ਨਾਟੋ ਮੁਖੀ ਜੇਂਸ ਸਟੋਲਟਨਬਰਗ ਦੇ ਇਸ ਦਾਅਵੇ ਤੋਂ ਬਾਅਦ ਹੋ ਰਿਹਾ ਹੈ ਕਿ ਉਨ੍ਹਾਂ ਨੇ ਨਾਟੋ ਦੇਸ਼ਾਂ ਨੂੰ ਯੂਕਰੇਨ ਤੋਂ ਬੁਰੀ ਖ਼ਬਰ ਲਈ ਤਿਆਰ ਰਹਿਣ ਦੀ ਚਿਤਾਵਨੀ ਦਿੱਤੀ ਹੈ। ਤੁਹਾਨੂੰ ਦੱਸ ਦੇਈਏ ਕਿ ਅੰਤਰਰਾਸ਼ਟਰੀ ਅਪਰਾਧਿਕ ਅਦਾਲਤ ਦੁਆਰਾ ਯੂਕਰੇਨ ਦੇ ਖਿਲਾਫ ਜੰਗ ਨੂੰ ਲੈ ਕੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਜਾਣ ਦੇ ਬਾਵਜੂਦ, ਰੂਸੀ ਰਾਸ਼ਟਰਪਤੀ ਪੁਤਿਨ ਬੁੱਧਵਾਰ ਨੂੰ ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਦੋਨਾਂ ਦੇ ਦੌਰੇ ਲਈ ਰਵਾਨਾ ਹੋਏ। ਪਹਿਲਾਂ ਉਹ ਸੰਯੁਕਤ ਅਰਬ ਅਮੀਰਾਤ ਗਏ ਅਤੇ ਫਿਰ ਸਾਊਦੀ ਅਰਬ ਰਵਾਨਾ ਹੋ ਗਏ। ਦੁਬਈ ਸੰਯੁਕਤ ਰਾਸ਼ਟਰ ਦੀ ਸੀ.ਓ.ਪੀ.28 ਜਲਵਾਯੂ ਵਾਰਤਾ ਦੀ ਮੇਜ਼ਬਾਨੀ ਕਰ ਰਿਹਾ ਹੈ।

ਸਾਊਦੀ ਅਰਬ ਅਤੇ ਯੂਏਈ ਦੋਵਾਂ ਨੇ ਆਈਸੀਸੀ ਸੰਧੀ 'ਤੇ ਦਸਤਖਤ ਨਹੀਂ ਕੀਤੇ ਹਨ। ਇਸ ਦਾ ਮਤਲਬ ਹੈ ਕਿ ਯੁੱਧ ਦੌਰਾਨ ਯੂਕਰੇਨ ਤੋਂ ਬੱਚਿਆਂ ਦੇ ਅਗਵਾ ਲਈ ਉਸ ਨੂੰ ਨਿੱਜੀ ਤੌਰ 'ਤੇ ਜ਼ਿੰਮੇਵਾਰ ਠਹਿਰਾਉਂਦੇ ਹੋਏ ਪੁਤਿਨ ਨੂੰ ਵਾਰੰਟ 'ਤੇ ਨਜ਼ਰਬੰਦ ਕਰਨ ਦੀ ਉਨ੍ਹਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਇਹ ਦੌਰਾ ਦੁਬਈ ਦੇ ਐਕਸਪੋ ਸਿਟੀ ਦੇ ਇੱਕ ਹਿੱਸੇ ਦੇ ਹਥਿਆਰਬੰਦ ਸੰਯੁਕਤ ਰਾਸ਼ਟਰ ਪੁਲਿਸ ਦੀ ਗਸ਼ਤ ਦੇ ਸਮੇਂ ਆਇਆ ਹੈ, ਜਿਸ ਨੂੰ ਹੁਣ ਗੱਲਬਾਤ ਲਈ ਅੰਤਰਰਾਸ਼ਟਰੀ ਜ਼ੋਨ ਮੰਨਿਆ ਜਾਂਦਾ ਹੈ। ਇਹ ਦੌਰਾ ਇਕ ਵਾਰ ਫਿਰ ਰੂਸ ਨਾਲ ਅਮੀਰਾਤ ਦੇ ਵਿਆਪਕ ਵਪਾਰਕ ਸਬੰਧਾਂ ਨੂੰ ਉਜਾਗਰ ਕਰਦਾ ਹੈ। ਦੂਜੇ ਪਾਸੇ ਯੂਕਰੇਨ ਨੇ ਪੁਤਿਨ ਦੇ ਇਸ ਦੇਸ਼ ਦੌਰੇ 'ਤੇ ਗੁੱਸਾ ਪ੍ਰਗਟ ਕੀਤਾ ਹੈ ਅਤੇ ਪੁਤਿਨ ਨੂੰ ਆਪਣੇ ਦੇਸ਼ ਵਿਚ ਵਾਤਾਵਰਨ ਅਪਰਾਧ ਲਈ ਜ਼ਿੰਮੇਵਾਰ ਠਹਿਰਾਇਆ ਹੈ।

## ਮਲਾਲਾ ਯੂਸਫਜ਼ਈ ਨੇ ਅਫਗਾਨਿਸਤਾਨ 'ਚ ਔਰਤਾਂ 'ਤੇ ਹੋ ਰਹੇ ਅੱਤਿਆਚਾਰਾਂ ਨੂੰ ਦੱਸਿਆ ਅਪਰਾਧ



ਜੋਹਾਨਸਬਰਗ, 6 ਦਸੰਬਰ (ਪੋਸਟ ਬਿਊਰੋ): ਨੋਬਲ ਪੁਰਸਕਾਰ ਨਾਲ ਸਨਮਾਨਿਤ ਮਲਾਲਾ ਯੂਸਫਜ਼ਈ ਨੇ ਲਿੰਗ ਅਤੇ ਰੰਗ ਦੇ ਭੇਦਭਾਵ ਨੂੰ ਮਨੁੱਖਤਾ ਵਿਰੁੱਧ ਅਪਰਾਧ ਕਿਹਾ ਹੈ। ਉਨ੍ਹਾਂ ਇਹ ਗੱਲ ਦੱਖਣੀ ਅਫਰੀਕਾ ਦੇ ਜੋਹਾਨਸਬਰਗ ਵਿੱਚ ਨੈਲਸਨ ਮੰਡੇਲਾ ਲੈਕਚਰ ਦੇ 21ਵੇਂ ਐਡੀਸ਼ਨ ਵਿੱਚ ਬੋਲਦਿਆਂ ਕਹੀ। ਇਸ ਦੌਰਾਨ ਮਲਾਲਾ ਨੇ ਅਫਗਾਨਿਸਤਾਨ 'ਚ ਔਰਤਾਂ 'ਤੇ ਹੋ ਰਹੇ ਅੱਤਿਆਚਾਰਾਂ ਬਾਰੇ ਵੀ ਗੱਲ ਕੀਤੀ।

ਮਲਾਲਾ ਕਿਹਾ ਕਿ ਅਫਗਾਨਿਸਤਾਨ ਵਿੱਚ ਤਾਲਿਬਾਨ ਦੁਆਰਾ ਔਰਤਾਂ 'ਤੇ ਲਗਾਈਆਂ ਗਈਆਂ ਪਾਬੰਦੀਆਂ ਦੱਖਣੀ ਅਫਰੀਕਾ ਵਿੱਚ ਨਸਲੀ ਵਿਤਕਰੇ ਦੇ ਤਹਿਤ ਕਾਲੇ ਲੋਕਾਂ ਨਾਲ ਸਲੂਕ ਕਰਨ ਦੇ ਸਮਾਨ ਹਨ। ਕੌਮਾਂਤਰੀ ਭਾਈਚਾਰੇ ਨੂੰ ਅਪੀਲ ਕਰਦਿਆਂ ਮਲਾਲਾ ਨੇ ਇਹ ਵੀ ਮੰਗ ਕੀਤੀ ਕਿ 'ਲਿੰਗ ਭੇਦਭਾਵ' ਨੂੰ ਮਨੁੱਖਤਾ ਵਿਰੁੱਧ ਅਪਰਾਧ ਐਲਾਨਿਆ ਜਾਵੇ।

ਉਨ੍ਹਾਂ ਕਿਹਾ ਕਿ ਅਫਗਾਨਿਸਤਾਨ ਸਮੇਤ ਕਈ ਮੁਸਲਿਮ ਦੇਸ਼ਾਂ ਦੇ ਵਿਦਵਾਨਾਂ ਨੇ ਸਪੱਸ਼ਟ ਕੀਤਾ ਹੈ ਕਿ ਇਸਲਾਮ ਲੜਕੀਆਂ ਅਤੇ ਔਰਤਾਂ ਨੂੰ ਸਿੱਖਿਆ ਅਤੇ ਕੰਮ ਦੇ ਅਧਿਕਾਰ ਤੋਂ ਵਾਂਝੇ ਰੱਖਣ ਦੀ ਇਜਾਜ਼ਤ ਨਹੀਂ ਦਿੰਦਾ। ਜ਼ਿਕਰਯੋਗ ਹੈ ਕਿ ਮਲਾਲਾ ਯੂਸਫਜ਼ਈ ਨੂੰ 2014 'ਚ 17 ਸਾਲ ਦੀ ਉਮਰ 'ਚ ਪਾਕਿਸਤਾਨ 'ਚ ਲੜਕੀਆਂ ਦੀ ਸਿੱਖਿਆ ਲਈ ਲੜਨ ਲਈ ਨੋਬਲ ਸ਼ਾਂਤੀ ਪੁਰਸਕਾਰ ਦਿੱਤਾ ਗਿਆ ਸੀ।

## ਭਾਰਤ ਵਿਚ ਸੀਆਰਪੀਐੱਫ ਅਤੇ ਬੀਐੱਸਐੱਫ 'ਤੇ ਹਮਲਾ ਕਰਨ ਵਾਲਾ ਮਾਸਟਰਮਾਈਂਡ ਅੱਤਵਾਦੀ ਹੰਜਲਾ ਅਦਨਾਨ ਦਾ ਕਤਲ



ਇਸਲਾਮਾਬਾਦ, 6 ਦਸੰਬਰ (ਪੋਸਟ ਬਿਊਰੋ): 2015 ਅਤੇ 2016 ਵਿਚ ਜੰਮੂ-ਕਸ਼ਮੀਰ ਦੇ ਊਧਮਪੁਰ ਅਤੇ ਪੰਪੋਰ ਵਿਚ ਸੁਰੱਖਿਆ ਬਲਾਂ 'ਤੇ ਹੋਏ ਦੋ ਵੱਡੇ ਹਮਲਿਆਂ ਦੇ ਮਾਸਟਰਮਾਈਂਡ ਹੰਜਲਾ ਅਦਨਾਨ ਦਾ ਕਰਾਚੀ ਵਿੱਚ ਕਤਲ ਕਰ ਦਿੱਤਾ ਗਿਆ ਹੈ। ਲਸ਼ਕਰ ਤਾਇਬਾ ਦਾ ਸੀਨੀਅਰ ਕਮਾਂਡਰ ਹੰਜਲਾ ਅਦਨਾਨ ਹਾਫਿਜ਼ ਸਈਦ ਦਾ ਕਰੀਬੀ ਮੰਨਿਆ ਜਾਂਦਾ ਸੀ। ਜਾਣਕਾਰੀ ਮੁਤਾ-ਬਕ ਕਰਾਚੀ ਵਿਚ ਅਣਪਛਾਤੇ ਬੰਦੂਕਧਾਰੀਆਂ ਨੇ ਉਸ 'ਤੇ ਹਮਲਾ ਕਰ ਦਿੱਤਾ ਅਤੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ। ਜਿਸ ਵਿੱਚ ਉਸਦੀ ਮੌਤ ਹੋ ਗਈ। ਹੰਜਲਾ ਅਦਨਾਨ 2015 ਵਿੱਚ ਜੰਮੂ ਦੇ ਊਧਮਪੁਰ ਵਿੱਚ ਬੀ.ਐੱਸ.ਐੱਫ. ਦੇ ਕਾਫ਼ਲੇ ਉੱਤੇ ਹੋਏ ਹਮਲੇ ਦਾ ਸਾਜ਼ਿਸ਼ਕਰਤਾ ਸੀ। ਇਸ ਹਮਲੇ ਵਿਚ 2 ਜਵਾਨ ਸ਼ਹੀਦ ਹੋ ਗਏ ਅਤੇ 13 ਜਵਾਨ ਜ਼ਖਮੀ ਹੋ ਗਏ ਸਨ।

ਹੰਜਲਾ ਨੂੰ 2016 ਵਿੱਚ ਪੰਪੋਰ ਵਿੱਚ ਸੀ.ਆਰ.ਪੀ.ਐੱਫ. ਦੇ ਕਾਫ਼ਲੇ ਉੱਤੇ ਹਮਲੇ ਦਾ ਮਾਸਟਰਮਾਈਂਡ ਵੀ ਮੰਨਿਆ ਜਾਂਦਾ ਸੀ। ਇਸ ਹਮਲੇ 'ਚ 8 ਜਵਾਨ ਸ਼ਹੀਦ ਹੋ ਗਏ ਸਨ। ਹੰਜਲਾ ਨੇ ਪਾਕਿਸਤਾਨ 'ਚ ਬੈਠ ਕੇ ਇਨ੍ਹਾਂ ਹਮਲਿਆਂ ਦੀ ਯੋਜਨਾ ਬਣਾਈ ਸੀ। ਮੰਨਿਆ ਜਾ ਰਿਹਾ ਸੀ ਕਿ ਹੰਜਾਲਾ ਅਦਨਾਨ ਲਸ਼ਕਰ ਮੁਖੀ ਹਾਫਿਜ਼ ਸਈਦ ਨਾਲ ਮਿਲ ਕੇ ਇਨ੍ਹਾਂ ਹਮਲਿਆਂ ਦੀ ਯੋਜਨਾ ਬਣਾ ਰਿਹਾ ਸੀ। ਹੰਜਾਲਾ ਲਗਾਤਾਰ ਅੱਤਵਾਦੀ ਗਤੀਵਿਧੀਆਂ 'ਚ ਲੱਗਾ ਹੋਇਆ ਸੀ। ਉਸ 'ਤੇ ਮਕਬੂਜ਼ਾ ਕਸ਼ਮੀਰ 'ਚ ਅੱਤਵਾਦੀ ਕੈਂਪ ਚਲਾਉਣ ਦਾ ਵੀ ਦੋਸ਼ ਹੈ।

ਅਦਨਾਨ ਨੂੰ ਉਸ ਦੇ ਘਰ ਦੇ ਬਾਹਰ ਗੋਲੀ ਮਾਰ ਦਿੱਤੀ ਗਈ, ਜਿਸ ਤੋਂ ਬਾਅਦ ਉਸ ਨੂੰ ਕਰਾਚੀ ਦੇ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਹੰਜਾਲਾ ਦੇ ਕਤਲ ਨੂੰ ਲਸ਼ਕਰ-ਏ-ਤਾਇਬਾ ਅਤੇ ਹਾਫਿਜ਼ ਸਈਦ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ।

## ਕਿਮ ਜੋਂਗ ਉਨ ਉੱਤਰੀ ਕੋਰੀਆ ਵਿੱਚ ਬੱਚੇ ਘੱਟ ਪੈਦਾ ਹੋਣ 'ਤੇ ਪ੍ਰੇਸ਼ਾਨ, ਕਿਹਾ-ਬੱਚਿਆਂ ਦੀ ਚੰਗੀ ਦੇਖਭਾਲ ਕਰਨਾ ਸਾਰੀਆਂ ਮਾਂਵਾਂ ਦਾ ਫਰਜ਼



ਪਿਓਂਗਯਾਂਗ, 6 ਦਸੰਬਰ (ਪੋਸਟ ਬਿਊਰੋ): ਤਾਨਾਸ਼ਾਹ ਕਿਮ ਜੋਂਗ ਉਨ ਉੱਤਰੀ ਕੋਰੀਆ ਵਿੱਚ ਘਟਦੀ ਜਨਮ ਦਰ ਤੋਂ ਪ੍ਰੇਸ਼ਾਨ ਹਨ। ਉਸਨ੍ਹਾਂ ਨੇ ਦੇਸ਼ ਭਰ ਦੀਆਂ ਮਾਵਾਂ ਲਈ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ। ਇਸ ਵਿੱਚ ਉਨ੍ਹਾਂ ਕਿਹਾ ਕਿ ਘਟਦੀ ਜਨਮ ਦਰ ਨਾਲ ਨਜਿੱਠਣ ਲਈ ਸਰਕਾਰੀ ਯਤਨਾਂ ਵਿੱਚ ਤੁਹਾਨੂੰ ਲੋਕਾਂ ਨੂੰ ਵੱਡੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਇਸ ਲਈ ਤੁਹਾਨੂੰ ਸਰਕਾਰ ਦੇ ਯਤਨਾਂ ਦਾ ਸਮਰਥਨ ਕਰਨਾ ਚਾਹੀਦਾ ਹੈ। ਦਰਅਸਲ, ਉੱਤਰੀ ਕੋਰੀਆ ਦੀ ਪ੍ਰਜਨਨ ਦਰ ਲਗਾਤਾਰ ਡਿੱਗ ਰਹੀ ਹੈ। ਇਹ ਪਿਛਲੇ ਦਹਾਕਿਆਂ ਵਿੱਚ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਿਆ ਹੈ।

ਉੱਤਰੀ ਕੋਰੀਆ ਵਿੱਚ ਘੱਟ ਬੱਚੇ ਪੈਦਾ ਹੋ ਰਹੇ ਹਨ। ਤਾਨਾਸ਼ਾਹ ਕਿਮ ਜੋਂਗ ਇਸ ਨੂੰ ਲੈ ਕੇ ਕਾਫੀ ਚਿੰਤਤ ਹਨ। ਘੱਟ ਜਨਮ ਦਰ ਨੂੰ ਦੇਖਦੇ ਹੋਏ ਕਿਮ ਜੋਂਗ ਨੇ ਰਾਜਧਾਨੀ ਪਿਓਂਗਯਾਂਗ ਵਿਚ ਇਕ ਵੱਡੇ ਸਮਾਗਮ ਦਾ ਆਯੋਜਨ ਕੀਤਾ। ਇਸ ਵਿੱਚ ਉਨ੍ਹਾਂ ਨੇ ਦੇਸ਼ ਭਰ ਦੀਆਂ ਮਾਵਾਂ ਨੂੰ ਬੁਲਾਇਆ। ਇਸ ਦੌਰਾਨ ਕਿਮ ਜੋਂਗ ਨੇ ਮਾਵਾਂ ਨੂੰ ਉੱਤਰੀ ਕੋਰੀਆ ਵਿੱਚ ਘਟਦੀ ਜਨਮ ਦਰ ਨੂੰ ਵਧਾਉਣ ਲਈ ਸਰਕਾਰ ਦੀਆਂ ਕੋਸ਼ਿਸ਼ਾਂ ਦਾ ਸਮਰਥਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਘਰ ਚਲਾਉਣ ਵਾਲੀ ਹਰ ਔਰਤ ਨੂੰ ਇਸ ਚੁਣੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਮ ਨੇ ਈਵੈਂਟ 'ਚ ਕਿਹਾ, 'ਜਨਮ ਦਰ 'ਚ ਗਿਰਾਵਟ ਨੂੰ ਰੋਕਣਾ ਅਤੇ ਬੱਚਿਆਂ ਦੀ ਚੰਗੀ ਦੇਖਭਾਲ ਕਰਨਾ ਸਾਰੀਆਂ ਮਾਂਵਾਂ ਦਾ ਫਰਜ਼ ਹੈ, ਜਿਸ ਨੂੰ ਸਾਨੂੰ ਕੰਮ ਕਰਦੇ ਹੋਏ ਵੀ ਸੰਭਾਲਣਾ ਹੋਵੇਗਾ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

MagGas Medical Brampton
MGM
MAGGAS MEDICAL INC.
Helping you breathe deep and rest easy.
• CPAP machines, masks and supplies
• Free consultations
• 30 day mask exchange
• Free deliveries
(647) 954-9885
20 Maritime Ont Blvd Unit 15
Brampton, ON L6S 0C2

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇਸਟ੍ਰਕਟਰ
647-998-7500 ਬਲਵਿੰਦਰ

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

SUPER VISA INSURANCE EXPERTS
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca topinsuranceservices.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish • Racoons
Call : PARESH PATEL
(Government Approved Licensed Technician)
416 938 4598

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Cell: 416-841-4218 Tel: 905-216-5563
AvonFinancial Inc.
Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਚੁੱਪ ਦਾ ਮਰਮ ਪਛਾਣੀਏ : ਜੀਵਨ ਸੰਘਰਸ਼, ਤਰਕ-ਵਿਤਰਕ ਅਤੇ ਦੇਸ਼-ਪਰਦੇਸ ਦਾ ਪ੍ਰਵਚਨ

-ਡਾ. ਹਰਿੰਦਰ ਸਿੰਘ ਤੁੜ-
ਸੰਪਰਕ: +91 81465 42810


ਮਲਵਿੰਦਰ ਦਾ ਪੰਜਾਬੀ ਸਾਹਿਤਕ ਜਗਤ ਵਿਚ ਵਿਸ਼ੇਸ਼ ਸਥਾਨ ਹੈ। ਕਾਵਿ-ਖੇਤਰ ਵਿਚ ਉਹਨਾਂ ਦੀ ਨਿਵੇਕਲੀ ਪਛਾਣ ਕਾਇਮ ਹੋ ਚੁੱਕੀ ਹੈ। ਉਸ ਦੇ ਪ੍ਰਮੁੱਖ ਕਾਵਿ-ਸੰਗ੍ਰਹਿ ਗ਼ੈਰਹਾਜ਼ਰ ਪੈੜਾਂ ਦੀ ਕਥਾ (2002), ਕਾਇਆ ਦੇ ਹਰਫ਼ (2006), ਬਿਨ ਸਿਰਲੇਖ (2011) ਸਵਾਲ ਨਾ ਕਰ (2014), ਸੁਪਨਿਆਂ ਦਾ ਪਿੱਛਾ ਕਰਦਿਆਂ (2018), ਫੁੱਲਝੜੀ ਬਾਲ-ਕਵਿਤਾ (2019), ਚੁੱਪ ਦੇ ਬਹਾਨੇ (2020), ਹਾਇਕੂ ਚਿੜੀਆਂ ਦਾ ਪਿੰਡ (2012) ਆਦਿ ਹਨ। ਅਧਿਆਪਕ ਵਜੋਂ ਕਾਰਜਸ਼ੀਲ ਭੂਮਿਕਾ ਨਿਭਾਉਣ ਕਰਕੇ ਉਹਨਾਂ ਦਾ ਚਿੰਤਨ ਤੇ ਚੇਤਨਾ ਨਾਲ਼ ਰਿਸ਼ਤਾ ਸਦੀਵੀ ਕਾਇਮ ਰਹੇਗਾ। ਮਲਵਿੰਦਰ ਦੀ ਜੀਵਨ ਹਯਾਤੀ ਤਜ਼ਰਬਿਆਂ ਤੇ ਸੰਘਰਸ਼ ਭਰਪੂਰ ਰਹੀ, ਜਿਸ ਕਾਰਣ ਉਹਨਾਂ ਦੀ ਲੇਖਣੀ ਵਿਚ ਤਜ਼ਰਬਿਆਂ ਦੀ ਯਥਾਰਥਵਾਦੀ ਪੁੱਠ ਕਾਇਮ ਰਹਿੰਦੀ ਹੈ। ਉਸ ਨੇ ਕਾਵਿ-ਸੰਗ੍ਰਹਿ 'ਚੁੱਪ ਦੇ ਬਹਾਨੇ' ਵਿਚ ਲੰਮੀ ਕਵਿਤਾ ਲਿਖਣ ਦਾ ਤਜਰਬਾ ਕੀਤਾ ਹੈ। ਡਾ. ਹੀਰਾ ਸਿੰਘ ਮਲਵਿੰਦਰ ਦੀ ਲਿਖਤ ਬਾਰੇ ਵਿਚਾਰ ਦਿੰਦੇ ਹਨ ਕਿ "ਮਲਵਿੰਦਰ ਨੇ ਚੁੱਪ ਦੇ ਬਹੁ-ਪਰਤੀ ਅਰਥਾਂ ਨੂੰ ਪਕੜਨ ਦੀ ਕੋਸ਼ਿਸ਼ ਕੀਤੀ ਹੈ। ਉਹ ਚੁੱਪ ਨਹੀਂ ਰਿਹਾ, ਨਾ ਹੀ ਇਸ ਪੁਸਤਕ ਨੂੰ ਪੜ੍ਹਨ ਵਾਲ਼ਾ ਚੁੱਪ ਰਹਿੰਦਾ ਹੈ। ਉਹ ਅੱਗੋਂ ਕਈ ਰੰਗਾਂ ਵਿਚ ਸੋਚਣ ਲੱਗ ਪੈਂਦਾ ਹੈ। ਮੌਤ ਹੀ ਅਸਲ ਚੁੱਪ ਵੱਲ ਵੱਧਦੀ ਹੈ। ਜੀਵਨ ਵਿਚਾਰ ਚਰਚਾ ਵੱਲ ਵੱਧਦਾ ਹੈ।"

ਮਲਵਿੰਦਰ ਦੀ ਪਲੇਠੀ ਵਾਰਤਕ ਪੁਸਤਕ 'ਚੁੱਪ ਦਾ ਮਰਮ ਪਛਾਣੀਏ' ਉਸ ਦੀ ਕਾਵਿ-ਪੁਸਤਕ 'ਚੁੱਪ ਦੇ ਬਹਾਨੇ' ਦਾ ਅਗਲੇਰਾ ਕਦਮ ਹੈ ਜਿਸ ਵਿਚ ਉਹ ਕਾਵਿਕ ਨਿਬੰਧਾਂ ਰਾਹੀਂ ਚੁੱਪ ਦੇ ਮਰਮ ਨੂੰ ਪਛਾਣਨ ਉੱਤੇ ਫੋਕਸ ਕਰਦਾ ਹੈ। ਮੇਰੇ ਖੋਜ-ਪੱਤਰ ਦਾ ਦਾ ਫੋਕਸ 'ਚੁੱਪ ਦਾ ਮਰਮ ਪਛਾਣੀਏ: ਜੀਵਨ ਸੰਘਰਸ਼, ਤਰਕ-ਵਿਤਰਕ, ਅਤੇ ਦੇਸ਼-ਪਰਦੇਸ਼ ਦੇ ਪ੍ਰਵਚਨ' ਉੱਤੇ ਹੈ। ਇਹ ਨਿਬੰਧ ਉਸਦੇ ਜੀਵਨ ਦੇ ਵਿਭਿੰਨ ਪੱਖਾਂ ਨੂੰ ਬਿਆਨਦੇ ਹਨ। ਇਹ ਨਿਬੰਧਾਂ ਦੀ ਪੁਸਤਕ ਉਸ ਦੀ ਸਵੈ-ਜੀਵਨੀ ਹੀ ਪ੍ਰਤੀਤ ਹੁੰਦੀ ਹੈ ਕਿਉਂਕਿ ਇਸ ਵਿਚ ਉਸ ਦੇ ਜੀਵਨ ਸੰਘਰਸ਼ ਦੇ ਤਜ਼ਰਬੇ ਰੂਪਮਾਨ ਹੁੰਦੇ ਹਨ। ਇਸ ਪੁਸਤਕ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਭਾਗ ਵਿਚ 23 ਨਿਬੰਧ ਅਤੇ ਦੂਜੇ ਭਾਗ ਵਿਚ 11 ਨਿਬੰਧ ਦਰਜ਼ ਹਨ। ਪਹਿਲੇ ਭਾਗ ਵਿਚ ਸਵੈ ਤੇ ਸਮਾਜ ਦੇ ਸਰੋਕਾਰ ਨਾਲ਼ ਸਬੰਧਤ ਲੇਖ ਹਨ। ਇਹਨਾਂ ਦੇ ਸਿਰਲੇਖ ਹਨ, 'ਚੁੱਪ ਦਾ ਮਰਮ ਪਛਾਣੀਏ', ਸਿਖਿਆ, ਭਾਸ਼ਾ ਤੇ ਸਾਹਿਤ, ਕਵੀ ਅਤੇ ਭਾਸ਼ਾ, ਕਵਿਤਾ ਦੇ ਸਵੈ ਸੰਵਾਦ, ਮੇਰੀ ਪਹਿਲੀ ਰਚਨਾ, ਆਓ ਵਾਰਤਕ ਲਿਖੀਏ, ਸੁਚੱਜ,ਸੰਜਮ ਤੇ ਸੁਹਜ, ਭੀੜ, ਬਚਪਨ ਦੇ ਚੇਤਿਆਂ ਵਿਚ ਅਧਿਆਪਕ, ਨਾਗ ਦੇ ਸਾਏ ਦਾ ਨਾਗਵਲ਼, ਇੰਝ ਬਣਿਆਂ ਸ਼ਹਿਰ ਵਿਚ ਮੇਰਾ ਘਰ, ਮੇਰੇ ਬਚਪਨ ਦੇ ਗਵਾਂਢ, ਪੱਕੀ ਗ਼ਲੀ ਦੀ ਕਹਾਣੀ, ਟਾਲ-ਮਟੋਲ ਕਰਦਿਆਂ ਬੀਤ ਰਹੇ ਵਕਤ ਦੀ ਕਹਾਣੀ, ਹੋਂਦ ਦਾ ਸਵਾਲ,ਵੱਖਰੀ ਤਰ੍ਹਾਂ ਸੋਚਣ ਦੀ ਲੋੜ, ਡਰ ਰਹਿਤ ਸਮਾਜ ਸਿਰਜੀਏ, ਨਫ਼ਰਤ ਦੇ ਪਸਾਰ, ਬਾਲ-ਮਜ਼ਦੂਰੀ, ਕੂੜਾ, ਕੈਨੇਡਾ ਤੇ ਕਵਿਤਾ, ਕਿਛੁ ਸੁਣੀਏ ਕਿਛੁ ਕਹੀਏ, ਸੈਰ ਨੂੰ ਸਲਾਹ ਦੀ ਲੋੜ ਨਹੀਂ ਹੁੰਦੀ, ਸਾਡੀ ਸੋਚ ਸਾਡਾ ਵਿਅਕਤੀਤਵ ਹੁੰਦਾ ਹੈ ਆਦਿ ਭਾਵਪੂਰਤ ਲੇਖ ਹਨ। ਦੂਜੇ ਭਾਗ: ਪਰਵਾਸ ਦੇ ਸਰੋਕਾਰ ਵਿਚ 11 ਨਿਬੰਧ ਦਰਜ ਹਨ ਜਿਨ੍ਹਾਂ ਵਿਚ ਕੈਨੇਡਾ ਤੇ ਪਰਵਾਸ ਦੇ ਸਰੋਕਾਰ, ਪਾਰਕਾਂ ਨੂੰ ਦੁੱਖ ਦੱਸਦੇ, ਫੁੱਲਾਂ ਦਾ ਸ਼ਹਿਰ ਬਰੈਂਪਟਨ, ਕੈਨੇਡਾ ਪਹੁੰਚਣ ਦੀ ਚਾਹਤ ਦੇ ਅਰਥ, ਮਾਪਿਆਂ ਦੀ ਅੱਖ ਵਿਚ ਰੜਕਦਾ ਕੈਨੇਡਾ, ਪਾਰਕਾਂ ਸੰਗ ਸੰਵਾਦ, ਡੂੰਘਾ ਵਾਹ ਲੈ ਹਲ਼ ਵੇ, ਸੁਪਨੇ ਅੰਦਰ ਬੈਠੇ ਡਰ, ਬਦਲਦੇ ਅਰਥਾਂ ਵਿਚ ਪਰਵਾਸ ਦੇ ਸਰੋਕਾਰ, ਓਨਟਾਰੀਉ ਝੀਲ ਕੰਢੇ ਵੱਸਿਆ ਖੂਬਸੂਰਤ ਸ਼ਹਿਰ ਟੋਰਾਂਟੋ, ਕੈਲਸੋ ਬੀਚ ਦੀ ਕੁਦਰਤ ਨਾਲ਼ ਬਿਤਾਏ ਕੁਝ ਪਲ ਆਦਿ ਪਰਵਾਸ ਵਿਚ ਵਿਚਰਦੇ ਪੰਜਾਬੀ ਮਨੁੱਖ ਦੀ ਹੋਣੀ ਨੂੰ ਬਿਆਨ ਕਰਦੇ ਹਨ।

ਮਲਵਿੰਦਰ ਨੂੰ ਅਧਿਆਪਨ ਖੇਤਰ ਦਾ ਲੰਮਾ ਤਜਰਬਾ ਹੋਣ ਕਰਕੇ ਸਿਖਿਆ, ਭਾਸ਼ਾ ਤੇ ਸਾਹਿਤ ਦੀ ਕਾਰਜ-ਪ੍ਰਣਾਲੀ ਦੇ ਮਹੱਤਵ ਨੂੰ ਸਮਝਦਾ ਹੈ। ਸਿੱਖਣ ਦੀ ਕਲਾ ਆਦਿ-ਜੁਗਾਦੀ ਹੈ। ਭਾਸ਼ਾ ਸੰਚਾਰ ਦਾ ਮੁੱਖ ਸਾਧਨ ਹੈ ਤੇ ਸਾਹਿਤ ਸੁਹਜ-ਤ੍ਰਿਪਤੀ ਦਾ ਸੋਮਾ ਹੈ। ਲੇਖਕ ਨੇ ਇਹਨਾਂ ਤਿੰਨਾਂ ਦੀ ਜ਼ਰੂਰਤ ਤੇ ਸਥਾਪਤੀ ਉੱਤੇ ਜ਼ੋਰ ਦਿੱਤਾ ਹੈ। ਵਾਰਤਾਕਾਰ ਸਲੀਕੇ ਬਾਰੇ ਜ਼ਿਕਰ ਕਰਦਾ ਹੈ : "ਸਾਡੇ ਖ਼ੁਸ਼ ਹੋਣ, ਉਦਾਸ ਹੋਣ,ਹੱਸਣ, ਰੋਣ, ਗੁੱਸਾ ਕਰਨ, ਹਲੀਮੀ ਵਰਤਣ, ਪਿਆਰ ਤੇ ਨਫ਼ਰਤ ਕਰਨ ਮੌਕੇ ਯੋਗ ਭਾਵਾਂ ਨੂੰ ਵਰਤਣਾ ਆਉਣਾ ਚਾਹੀਦਾ ਹੈ।"

ਪੁਸਤਕਾਂ ਦੇ ਮਹੱਤਵ ਨੇ ਮਨੁੱਖ ਨੂੰ ਜਿਉਣ ਜੋਗਾ ਬਣਾਇਆ ਹੈ। ਮਨੁੱਖ ਦੇ ਇਕੱਲਤਾ, ਦੁੱਖ, ਪਰੇਸ਼ਾਨੀਆਂ, ਚਿੰਤਾਵਾਂ, ਨਿਵਾਣਾ, ਘਾਟਾਂ, ਉਦਾਸੀਆਂ ਵਿਚੋਂ ਕੱਢਣ ਲਈ ਪੁਸਤਕ ਨੇ ਮਨੁੱਖ ਨੂੰ ਠੁੰਮਣਾ ਦਿੱਤਾ ਹੈ। ਮਨੁੱਖੀ ਭਾਵਨਾਵਾਂ ਦਾ ਕਥਾਰਸਿਸ ਕਰਕੇ ਸਮੇਂ ਦੇ ਹਾਣ ਦਾ ਦ੍ਰਿੜ ਨਿਸ਼ਚਾ ਪ੍ਰਦਾਨ ਕੀਤਾ ਹੈ। ਅੰਦਰਲੇ ਤੇ ਬਾਹਰਲੇ ਵਰਤਾਰਿਆਂ ਨੂੰ ਸਮਝਣ ਦਾ ਨਜ਼ਰੀਆਂ ਪੁਸਤਕਾਂ ਤੋਂ ਹੀ ਪ੍ਰਾਪਤ ਹੁੰਦਾ ਹੈ। ਪੱਥਰਾਂ ਵਿਚੋਂ ਉੱਗਣ ਦੀ ਸਮਰੱਥਾ , ਸ਼ਕਤੀ ਤੇ ਸਾਹਸ ਮਿਲਦਾ ਹੈ। ਮਲਵਿੰਦਰ ਦਾ ਨਿਬੰਧ 'ਇੰਝ ਬਣਿਆਂ ਮੇਰਾ ਸ਼ਹਿਰ 'ਚ ਘਰ' ਵਿਚ ਘਰ ਦੀ ਹੋਂਦ ਦਾ ਜ਼ਿਕਰ ਕੀਤਾ ਹੈ। ਇਸ ਲੇਖ ਨੂੰ ਵਾਚਦਿਆਂ ਸਾਡੀ ਮਾਨਸਿਕਤਾ ਪ੍ਰਿੰਸੀਪਲ ਤੇਜਾ ਸਿੰਘ ਦੇ ਨਿਬੰਧ 'ਘਰ ਦਾ ਪਿਆਰ' ਨਾਲ਼ ਜਾ ਜੁੜਦੀ ਹੈ: 'ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਢਾਚੇ ਨੂੰ ਨਹੀਂ ਕਹਿੰਦੇ। ਘਰ ਮਨੁੱਖੀ ਚਾਵਾਂ ਦੇ ਪਲਣ ਦੀ ਥਾਂ ਹੁੰਦੀ ਹੈ। ਘਰ ਇੱਕ ਅਜਿਹੀ ਥਾਂ ਹੁੰਦੀ ਹੈ ਜਿੱਥੇ ਮਨੁੱਖ ਮਾਂ, ਬਾਪ,ਭੈਣਾਂ,ਭਰਾਵਾਂ ਅਤੇ ਹੋਰ ਰਿਸ਼ਤਿਆਂ ਤੋਂ ਪਿਆਰ ਹਾਸਲ ਕਰਦਾ ਹੈ। ਘਰ ਪਹੁੰਚ ਕੇ ਮਨੁੱਖ ਨੂੰ ਉਹੋ ਜਿਹੇ ਸਵਾਦ ਦੀ ਪ੍ਰਤੀਤੀ ਹੁੰਦੀ ਹੈ ਜੋ ਸਵਾਦ ਉਸ ਨੇ ਬਚਪਨ ਵਿਚ ਮਾਂ ਦੀ ਝੋਲੀ ਵਿਚ ਮਾਣਿਆਂ ਹੁੰਦਾ ਹੈ'। ਮਲਵਿੰਦਰ ਨੂੰ ਅੰਮ੍ਰਿਤਸਰ ਵਿਚ ਘਰ ਬਣਾਉਣ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਪਰ ਉਸਦੇ ਦੋਸਤ ਗੁਰਮੇਜ ਨੇ ਉਸ ਦੀ ਹਰ ਸਮੱਸਿਆ ਦਾ ਹੱਲ ਸੁਚੱਜੇ ਤਰੀਕੇ ਨਾਲ਼ ਕੀਤਾ। ਇਹੋ ਕਾਰਣ ਹੈ ਕਿ ਉਹ ਗੁਰਮੇਜ ਸਿੰਘ ਉੱਤੇ ਮਾਣ ਮਹਿਸੂਸ ਕਰਦਾ ਹੈ। ਔਕੜਾਂ ਸਰ ਕਰਕੇ ਹੀ ਉਹ ਮਾਣ ਨਾਲ਼ ਕਹਿੰਦਾ ਹੈ ਕਿ "ਹੁਣ ਸ਼ਹਿਰ 'ਚ ਮੇਰਾ ਘਰ ਹੈ"।

ਵਰਤਮਾਨ ਵਰਤਾਰਿਆਂ ਵਿਚ ਕਵਿਤਾ ਲਿਖਣ ਦੇ ਪ੍ਰਭਾਵ ਦੇ ਮਾਪਦੰਡ ਉਪਰ ਚਰਚਾ ਕੀਤੀ ਗਈ ਹੈ। ਮਲਵਿੰਦਰ ਦਾ ਨਿਬੰਧ 'ਕਵਿਤਾ ਦੇ ਸਵੈ-ਸੰਵਾਦ' ਵਿਚ ਫ਼ਿਕਰ ਝਲਕਦਾ ਹੈ, ਕਿਉਂਕਿ ਕਵਿਤਾ ਨੂੰ ਸੁਣਨ ਵਾਲੇ ਸਿਰਫ਼ ਕਵੀ ਹਨ, ਜਦਕਿ ਸਰੋਤਿਆਂ ਤੇ ਪਾਠਕਾਂ ਦੀ ਘਾਟ ਮਹਿਸੂਸ ਹੋ ਰਹੀ ਹੈ। ਦੂਜੀ ਗੱਲ ਸਾਹਿਤਕ ਸਮਾਗਮਾਂ ਵਿਚ ਕਵਿਤਾ ਉੱਤੇ ਵਿਚਾਰ-ਚਰਚਾ ਸਿਰਫ਼ ਵਾਹ ਵਾਹ ਕਰਨ ਤਕ ਸੀਮਤ ਹੋ ਕੇ ਰਹਿ ਗਈ ਹੈ ਜੋ ਇੱਕ ਖ਼ਤਰਨਾਕ ਵਰਤਾਰਾ ਹੈ। ਅੱਜਕੱਲ੍ਹ ਦੀ ਬਹੁਤੀ ਕਵਿਤਾ ਅਧਿਐਨ ਤੇ ਅਭਿਆਸ ਵਿਚੋਂ ਹੀ ਲਿਖੀ ਜਾ ਰਹੀ ਹੈ ਜਿਸ ਵਿਚੋਂ ਸਹਿਜਤਾ ਦੰਮ ਤੋੜ ਰਹੀ ਹੈ। ਇਸ ਤੋਂ ਇਲਾਵਾ ਸ਼ੋਸ਼ਲ ਮੀਡੀਆ ਉਪਰ ਕਵਿਤਾ ਦੇ ਪ੍ਰਚਾਰਨ ਦਾ ਰੁਝਾਨ ਵਧਿਆ ਹੈ ਜਿਸ ਕਾਰਨ ਕਵਿਤਾ ਦੀ ਹਰਮਨ ਪਿਆਰਤਾ ਚਿਰ ਸਥਾਈ ਨਹੀਂ ਰਹੀ ਸਗੋਂ ਪਰਸਥਿਤੀਆਂ ਦੇ ਬਦਲਣ ਨਾਲ਼ ਖ਼ਤਮ ਹੋ ਜਾਂਦੀ ਹੈ। ਜਦਕਿ ਸਾਡਾ ਪੁਰਾਤਨ ਕਾਵਿ ਕਾਲ ਤੋਂ ਪਾਰ ਫੈਲਦਾ ਹੈ ਜੋ ਅੱਜ ਵੀ ਮਨੁੱਖੀ ਮਨ ਦੀ ਸੁਹਜ-ਤ੍ਰਿਪਤੀ ਕਰਨ ਵਿਚ ਸਹਾਈ ਹੈ। ਮਲਵਿੰਦਰ ਕਵਿਤਾ ਬਾਰੇ ਵਿਚਾਰ ਦਿੰਦੇ ਹਨ: "ਕਵਿਤਾ ਫ਼ਿਕਰਾਂ ਦਾ ਰੌਲ਼ਾ ਨਾ ਪਾਵੇ, ਤੁਹਾਨੂੰ ਬਸ ਘੜੀ ਪਲ ਫ਼ਿਕਰਾਂ ਕੋਲ਼ ਰੁਕਣ ਦਾ ਇਸ਼ਾਰਾ ਕਰੇ। ਰੁਕਣਾ, ਸੋਚਣ ਦਾ ਪਹਿਲਾ ਪੜਾਅ ਹੁੰਦਾ ਹੈ। ਸੋਚਣਾ, ਸਮਾਧਾਨ ਲੱਭਣ ਵੱਲ ਪੇਸ਼ਕਦਮੀ ਹੁੰਦੀ ਹੈ। ਕਵਿਤਾ ਅਜਿਹੀ ਹੋਵੇ ਜਿਹੜੀ ਬਿਨ੍ਹਾਂ ਰੌਲ਼ਾ ਪਾਇਆਂ ਸਮਾਧਾਨ ਤੱਕ ਲੈ ਕੇ ਜਾਵੇ"।




ਮਲਵਿੰਦਰ ਦਾ ਨਿਬੰਧ 'ਚੁੱਪ ਦਾ ਮਰਮ ਪਛਾਣੀਏ' ਵਿਚ ਤੱਥਕ ਜਾਣਕਾਰੀ ਦਿੱਤੀ ਗਈ ਹੈ। ਤਰਕ ਵਿਤਰਕ ਵਿਚ ਅਨੇਕ ਵਿਸ਼ੇ ਛੋਹ ਕੇ ਮਨੁੱਖ ਨੂੰ ਜਾਗਰਤ ਅਵਸਥਾ ਤਕ ਪਹੁੰਚਣ ਲਈ ਮਾਰਗ ਦਰਸ਼ਕ ਵਜੋਂ ਭੂਮਿਕਾ ਨਿਭਾਉਂਦਾ ਹੈ ਲੇਖਕ। ਉਸ ਨੇ ਚੁੱਪ ਦੇ ਅਨੇਕ ਪਾਸਾਰ ਦਿੱਤੇ ਹਨ। ਲੋਕਾਂ ਦੀ ਚੁੱਪ ਵਿਚ ਬੇਬੱਸੀ ਹੋਣ ਪਿੱਛੇ ਸਰਕਾਰੀ ਸਿਸਟਮ ਦੀ ਅਨੈਤਿਕਤਾ ਕਾਰਜ ਪ੍ਰਣਾਲੀ ਹੁੰਦੀ ਹੈ, ਕਿਉਂਕਿ ਮਨੁੱਖ ਦੀ ਰੂਹ ਨੂੰ ਗੁਲਾਮ ਕਰਨ ਦੇ ਯਤਨ ਹਰੇਕ ਯੁੱਗ ਵਿਚ ਹੋਏ ਹਨ ਜਿਸ ਕਾਰਣ ਦਿੱਤੇ ਜ਼ਖ਼ਮਾਂ ਦੀ ਚੀਸ ਹੰਢਾਉਣੀ ਪੈਂਦੀ ਹੈ। ਮਲਵਿੰਦਰ ਦੀ ਵਾਰਤਕ ਵਿਚ ਕਲਾਤਮਕਤਾ ਦਾ ਮੀਰੀ ਗੁਣ ਇਹ ਹੈ ਕਿ ਉਹ ਨਿਰਾਸ਼ਾ ਵਿਚੋਂ ਆਸ ਦੀ ਕਿਰਨ ਪੈਦਾ ਕਰਕੇ ਮਨੁੱਖ ਨੂੰ ਜਿਉਣ ਜੋਗਾ ਕਰ ਦਿੰਦਾ ਹੈ। ਪਾਜੇਟਿਵ ਥਿਕਿੰਗ ਮਨੁੱਖ ਨੂੰ ਵਿਰੋਧੀ ਪਰਸਥਿਤੀਆਂ ਵਿਚ ਵੀ ਸਾਹਸ ਤੇ ਸੰਜਮ ਨਾਲ ਜਿੱਤ ਪ੍ਰਾਪਤੀ ਦਾ ਰਾਹ ਦਿਖਾਉਂਦੀ ਹੈ। ਚੁੱਪ ਰਹਿੰਦੇ ਲੋਕ ਸ਼ਕਤੀ ਸੰਪਨ ਸੱਤਾ ਧਾਰੀਆਂ ਨੂੰ ਲੋਕ-ਵਿਰੋਧੀ ਕਾਨੂੰਨਾਂ ਨੂੰ ਬਦਲਣ ਲਈ ਮਜ਼ਬੂਰ ਕਰਦੇ ਹਨ। ਇਸ ਪ੍ਰਕਾਰ ਪਛਾਣ, ਸਵੈ ਪਛਾਣ, ਸਵੈ ਹੋਂਦ, ਸਵੈ ਮਾਣ ਦਾ ਮੁੱਦਾ ਲੋਕਾਈ ਨੂੰ ਸੰਗਠਿਤ ਕਰਦਾ ਹੈ: "ਜਦ ਕਦੀ ਚੁੱਪ ਦੇ ਬੋਲ਼ ਸੰਗਠਿਤ ਹੋ ਜਾਂਦੇ ਹਨ, ਤਾਂ ਸੱਤਾ ਦਾ ਰੌਲ਼ਾ ਸ਼ਾਂਤ ਹੋ ਜਾਂਦਾ ਹੈ। ਅਣਗੌਲੇ ਲੋਕ ਗੌਲਣਯੋਗ ਹਜ਼ੂਮ ਬਣ ਜਾਂਦੇ ਹਨ। ਚਿੰਤਨ, ਮੰਥਨ ਕਰਨਾ ਤੇ ਪਿਛਲਖੁਰੀ ਤੁਰਨਾ ਸੱਤਾ ਦੀ ਮਜ਼ਬੂਰੀ ਬਣ ਜਾਂਦੀ ਹੈ। ਇਹ ਸੰਘਰਸ਼ ਦੀ ਜਿੱਤ ਹੈ। ਇਹ ਚੁੱਪ ਨੂੰ ਮਿਲੀ ਪ੍ਰਵਾਨਗੀ ਹੁੰਦੀ ਹੈ"। ਇਸ ਨਿਬੰਧ ਵਿਚ ਚੁੱਪ ਰਹਿਣ ਦੀ ਬਜਾਇ ਸੰਵਾਦ ਰਚਾਉਣ ਉੱਤੇ ਫੋਕਸ ਕੀਤਾ ਗਿਆ ਹੈ, ਕਿਉਂਕਿ ਸ੍ਰਿਸ਼ਟੀ ਚੰਗੇ ਸੰਵਾਦ ਉੱਤੇ ਜ਼ੋਰ ਦਿੰਦੀ ਹੈ। ਘਰ, ਪਰਿਵਾਰ, ਰਿਸ਼ਤੇਦਾਰ, ਸ਼ੋਸ਼ਲ ਮੀਡੀਆ ਅਤੇ ਵਰਤਮਾਨ ਵਰਤਾਰਿਆਂ ਵਿਚ ਅਣਦੇਖੀ ਦਾ ਸ਼ਿਕਾਰ ਮਨੁੱਖ ਚੁੱਪ ਦੀ ਬੁੱਕਲ ਮਾਰ ਲੈਂਦਾ ਹੈ। ਉਹ ਰੋਗ ਗ੍ਰਸਤ ਹੋ ਕੇ ਸੰਤਾਪ ਭੋਗਦਾ ਹੈ। ਪਰ ਇਸ ਦੇ ਨਾਲ਼ ਨਾਲ਼ ਊਰਜਾ ਦਾਸੰਕਲਪ ਵੀ ਚਲਦਾ ਹੈ। ਕਵੀ ਦੀ ਚੁੱਪ ਵਿਚ ਅੱਖਰ, ਸ਼ਬਦ, ਕਵਿਤਾਵਾਂ ਉਗਮਦੀਆਂ ਹਨ। ਇਹ ਚੁੱਪ ਉਸਦਾ ਦ੍ਰਿਸ਼ਟੀਕੋਣ ਬਦਲਦੀ ਹੈ ਤੇ ਜੀਣ ਥੀਣ ਦਾ ਵਲ਼ ਸਿਖਾਉਂਦੀ ਹੈ। ਪਹਾੜ ਜਿੰਨੀ ਵਿਸ਼ਾਲਤਾ ਉਸ ਦੀ ਚੁੱਪ ਵਿਚ ਕਾਇਮ-ਦਾਇਮ ਰਹਿੰਦੀ ਹੈ। ਸਾਡਾ ਅਮੀਰ ਇਤਿਹਾਸ ਪੁਸਤਕਾਂ ਵਿਚ ਸਾਂਭਿਆ ਹੋਇਆ ਹੈ। ਜਦ ਵੀ ਮੁੜੇ ਪੰਨੇ ਦੀ ਗੱਲ ਚੱਲਦੀ ਹੈ ਤਾਂ ਇਤਿਹਾਸ ਦਾ ਸੁਨਹਿਰੀ ਛਿਣ ਸਾਕਾਰ ਹੋ ਜਾਂਦਾ ਹੈ। ਪੁਸਤਕਾਂ ਨੇ ਮਰ ਚੁੱਕੀਆਂ ਜ਼ਮੀਰਾਂ ਨੂੰ ਜਗਾ ਕੇ ਮਨੁੱਖ ਦੀ ਦਿਸ਼ਾ ਨਿਰਧਾਰਤ ਕੀਤੀ ਜਿਸ ਨੇ ਜਨ-ਅੰਦੋਲਨ ਦਾ ਰੂਪ ਧਾਰਨ ਕੀਤਾ। ਮਲਵਿੰਦਰ ਚੁੱਪ ਦੇ ਅਨੇਕ ਦ੍ਰਿਸ਼ ਦਿਖਾਉਂਦਾ ਗੁੱਝੇ ਭੇਤ ਦੀ ਗੱਲ ਕਰਦਾ ਹੈ: 'ਅਸਲ ਵਿਚ ਚੁੱਪ ਉਸ ਬੰਦ ਬੂਹੇ ਵਰਗੀ ਹੁੰਦੀ ਹੈ ਜਿਸ ਦੇ ਖੁੱਲਦਿਆਂ ਹੀ ਸੁੱਤਾ ਮਨੁੱਖ ਜਾਗ ਪੈਂਦਾ ਹੈ। ਜਾਗਣਾ ਹੀ ਵਰਦਾਨ ਹੈ। ਜਾਗਣਾ ਹੀ ਮਨੁੱਖੀ ਮਨ ਦੀ ਪ੍ਰਾਪਤੀ ਹੁੰਦੀ ਹੈ'।

ਚੁੱਪ ਦੇ ਬਹਾਨੇ ਕਵਿਤਾ ਉਪਰ ਡਾ. ਸੁਖਬੀਰ ਕੌਰ ਮਾਹਲ ਦੀ ਟਿੱਪਣੀ ਮਲਵਿੰਦਰ ਦੀ ਵਾਰਤਕ ਪੁਸਤਕ 'ਚੁੱਪ ਦਾ ਮਰਮ ਪਛਾਣੀਏ' ਉੱਤੇ ਵੀ ਉਨੀ ਹੀ ਸਾਰਥਕ ਤੌਰ 'ਤੇ ਢੁੱਕਦੀ ਹੈ:

"ਅਮੂਰਤ ਨੂੰ ਸਮੂਰਤ ਕਰਨ ਵਾਲੀ ਚੁੱਪ ਦਾ ਆਪਣਾ ਸਵਰੂਪ ਵੀ ਅਮੂਰਤ ਹੁੰਦਾ ਹੈ। ਮੁਹੱਬਤੀ ਹਾਵਾਂ-ਭਾਵਾਂ ਦਾ ਇਜ਼ਹਾਰ ਵੀ ਚੁੱਪ ਰਾਹੀਂ ਕੀਤਾ ਜਾਂਦਾ ਹੈ ਅਤੇ ਗ਼ਮਾਂ ਵਿਚ ਡੁੱਬੇ ਦਿਲ ਵੀ ਅਕਸਰ ਚੁੱਪ ਦਾ ਸਹਾਰਾ ਲੈਂਦੇ ਹਨ। ਨਿਰਾਸ਼ਾ ਵੀ ਚੁੱਪ ਵਿਚ ਜਾ ਡੁੱਬਦੀ ਹੈ ਅਤੇ ਰੰਜਿਸ਼ ਵੀ ਚੁੱਪ ਸਾਧ ਲੈਂਦੀ ਹੈ"।

ਕਹਿਣ ਸੁਣਨ ਦੀ ਪਰੰਪਰਾ ਆਦਿ-ਜੁਗਾਦੀ ਹੈ। ਇਸ ਨਾਲ਼ ਰਹੱਸ ਪੈਦਾ ਵੀ ਹੁੰਦਾ ਹੈ ਅਤੇ ਰਹੱਸ ਦੇ ਭੇਤ ਵੀ ਖੁੱਲਦੇ ਹਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

ਜਬ ਲਗੁ ਦੁਨੀਆ ਰਹੀਐ ਨਾਨਕ, ਕਿਛੁ ਸੁਣੀਐ ਕਿਛੁ ਕਹੀਐ॥

ਗੁਰੂ ਸਾਹਿਬ ਜੀ ਦੀ ਸਾਰੀ ਜੀਵਨ ਹਯਾਤੀ ਇਸੇ ਕਰਮ ਦੀ ਹੀ ਧਾਰਨੀ ਰਹੀ। ਮਲਵਿੰਦਰ ਦੇ ਨਿਬੰਧ 'ਕਿਛੁ ਸੁਣੀਐ ਕਿਛੁ ਕਹੀਐ' ਵਿਚ ਕਹਿਣ-ਸੁਣਨ ਦੀ ਪ੍ਰਵਿਰਤੀ ਬਾਰੇ ਵਿਚਾਰ-ਚਰਚਾ ਕੀਤੀ ਗਈ ਹੈ। ਅਧਿਆਪਕ ਵਿਦਿਆਰਥੀ ਦੇ ਗੂੜ ਗਿਆਨ ਦਾ ਆਧਾਰ ਕਹਿਣ ਸੁਣਨ ਵਿਚ ਕਾਇਮ ਹੈ। ਅਧਿਆਪਕ ਬੋਲਦਾ, ਦੱਸਦਾ ਸਮਝਾਉਂਦਾ ਹੈ ਤੇ ਵਿਦਿਆਰਥੀ ਸੁਣਦਾ ਤੇ ਸਮਝਦਾ ਹੈ। ਇਸ ਪ੍ਰਕਾਰ ਗਿਆਨ ਪ੍ਰਾਪਤੀ ਦੇ ਸਾਧਨ ਕਾਇਮ ਹੁੰਦੇ ਹਨ ਜਿਸ ਨਾਲ਼ ਸੁਚੱਜੇ ਸਮਾਜ ਤੇ ਰਾਸ਼ਟਰ ਬਣਦੇ ਹਨ। ਪਰ ਆਧੁਨਿਕ ਸਮੇਂ ਵਿਚ ਬਹੁਤ ਸਾਰੇ ਅਜਿਹੇ ਲੋਕ ਹਨ ਜੋ ਇਸ ਲਈ ਬੋਲਦੇ ਹਨ ਕਿ ਉਨ੍ਹਾਂ ਦੀ ਜ਼ੁਬਾਨ 'ਤੇ ਖੁਜਲੀ ਹੋ ਰਹੀ ਹੁੰਦੀ ਹੈ। ਇਸ ਨਾਲ਼ ਅਨੈਤਿਕਤਾ ਪੈਦਾ ਹੁੰਦੀ ਹੈ। ਚੰਗੀਆਂ ਗੱਲਾਂ ਲਈ ਖ਼ਾਸ ਤਿਆਰੀ ਦੀ ਲੋੜ ਨਹੀਂ ਹੁੰਦੀ ਸਗੋਂ ਇਹ ਆਪ-ਮੁਹਾਰੇ ਹੀ ਸੁਚੱਜਤਾ ਭਰਪੂਰ ਹੁੰਦੀਆਂ ਹਨ। ਗੱਲਾਂ ਦਾ ਕੋਈ ਵੀ ਵਿਸ਼ਾ ਹੋ ਸਕਦਾ ਹੈ ਬੱਸ ਗੱਲਾਂ ਹੋਣੀਆਂ ਚਾਹੀਦੀਆਂ ਹਨ। ਵਾਰਤਾਕਾਰ ਜ਼ਿਕਰ ਕਰਦਾ ਹੈ: 'ਗੱਲਾਂ ਜੋ ਤੁਹਾਨੂੰ ਤਣਾਅ ਮੁਕਤ ਕਰਨ, ਤੁਹਾਡੇ ਉਦਾਸ ਚਿਹਰੇ ਉਪਰ ਮੁਸਕਾਨ ਖਿੰਡਾ ਦੇਣ, ਤੁਹਾਡੀਆਂ ਨਿਕੰਮੀਆਂ ਸੋਚਾਂ ਦੇ ਵਹਿਣ ਨੂੰ ਥੰਮ ਦੇਣ,ਤੁਹਾਡੀ ਹਰ ਤਰ੍ਹਾਂ ਦੀ ਥਕਾਵਟ ਲਾਹ ਦੇਣ, ਚੰਗੀਆਂ ਗੱਲਾਂ ਹੁੰਦੀਆਂ ਹਨ'।

ਗੱਲਾਂ ਕਰਨੀਆਂ ਵੀ ਕਿਤਾਬ ਪੜ੍ਹਨ ਵਾਂਗ ਹੁੰਦੀਆਂ ਹਨ। ਡਾ. ਜੋਗਿੰਦਰ ਸਿੰਘ ਰਾਹੀ ਨੇ ਜਦ ਵੀ ਕਿਸੇ ਸੈਮੀਨਾਰ ਵਿਚ ਕਿਸੇ ਵਿਸ਼ੇ ਬਾਰੇ ਜਾਣਕਾਰੀ ਦੇਣੀ ਹੁੰਦੀ ਤਾਂ ਉਹ ਗੁਰਬਾਣੀ ਦੀਆਂ ਪੰਕਤੀਆਂ 'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ' ਉਚਾਰਦੇ ਸਨ। ਇਸ ਪ੍ਰਕਾਰ ਬੋਲਣ 'ਤੇ ਸੁਣਨ ਵਾਲ਼ੇ ਵਿਚਕਾਰ ਰਾਬਤਾ ਕਾਇਮ ਹੋ ਜਾਂਦਾ ਸੀ। ਨਿੱਕੀਆਂ ਗੱਲਾਂ ਕਰਦਿਆਂ ਗਿਆਨ ਦਾ ਅਮੀਰ ਸਰਮਾਇਆ ਸਾਂਭਿਆ ਜਾਂਦਾ ਹੈ। ਵਰਤਮਾਨ ਵਿਚ ਸ਼ੋਸ਼ਲ ਮੀਡੀਆ ਉਤੇ ਬਹੁਤ ਕੁਝ ਬੁਰਾ ਤੇ ਅਨੈਤਿਕ ਵਾਪਰ ਰਿਹਾ ਹੈ। ਦੂਜਿਆਂ ਨੂੰ ਨੀਵਾਂ ਦਿਖਾਉਣ ਤੇ ਕਰੈਕਟਰ ਉੱਤੇ ਦੋਸ਼ ਲਗਾਉਣ ਲਈ ਘਟੀਆ ਸ਼ਬਦਾਵਲੀ ਵਰਤੀ ਤੇ ਬੋਲੀ ਜਾ ਰਹੀ ਹੈ। ਇਸ ਨਾਲ਼ ਸੰਪਰਦਾਇਕ ਕੱਟੜਤਾ ਫੈਲ ਰਹੀ ਹੈ। ਮਲਵਿੰਦਰ ਪਾਠਕ ਨੂੰ ਇਸ ਪ੍ਰਤੀ ਸੁਚੇਤ ਕਰਦਾ ਹੈ: "ਗੱਲਾਂ ਜੋ ਨਫ਼ਰਤ ਪੈਦਾ ਨਾ ਕਰਨ, ਭਾਈਚਾਰਕ ਸਾਂਝ ਬਣਾਈ ਰੱਖਣ, ਧਰਮਾਂ ਨੂੰ ਆਪਸ ਵਿਚ ਲੜਾਉਣ ਨਾ, ਰਲ਼ ਮਿਲ਼ ਰਹਿਣ ਦੀ ਪੈਰਵੀ ਕਰਨ,ਚੰਗੀਆਂ ਗੱਲਾਂ ਹੁੰਦੀਆਂ ਹਨ। ਚੰਗੇ ਮਨ, ਚੰਗੀ ਨੀਅਤ, ਚੰਗੀ ਸੋਚ ਨਾਲ਼ ਕੀਤੀਆਂ ਗੱਲਾਂ ਆਪੇ ਚੰਗੀਆਂ ਬਣ ਜਾਂਦੀਆਂ ਹਨ"।

ਮਲਵਿੰਦਰ ਦਾ ਨਿਬੰਧ 'ਨਾਗ ਦੇ ਸਾਏ ਦਾ ਨਾਗਵਲ਼' ਵਿਚ ਤਰਕ ਅਧਾਰਤ ਵਿਗਿਆਨਕ ਸੋਚ ਅਪਨਾਉਣ ਉੱਤੇ ਜ਼ੋਰ ਦਿੱਤਾ ਗਿਆ ਹੈ। ਆਪਣੇ ਅਧਿਆਪਨ ਦੇ ਕਾਰਜਕਾਲ ਦੌਰਾਨ ਸਕੂਲ ਵਿਚ ਪੈਦਾ ਹੋਏ ਡਰ ਦੀ ਗੱਲ ਕੀਤੀ ਗਈ ਹੈ। ਸਾਇੰਸ ਟੀਚਰ ਬੱਚਿਆਂ ਦਾ ਡਰ ਦੂਰ ਕਰਨ ਦੀ ਬਜਾਏ ਆਪ ਹੀ ਡਰ ਨਾਲ਼ ਸਹਿਮੇ ਹਨ। ਅਧਿਆਪਕ ਸਮਾਜ ਦਾ ਜਾਗਰੂਕ ਵਰਗ ਹੁੰਦਾ ਹੈ। ਇਸ ਲਈ ਜਰੂਰੀ ਹੈ ਕਿ ਉਹ ਗੈਰ ਵਿਗਿਆਨਕ ਅਫ਼ਵਾਹਾਂ ਦਾ ਸ਼ਿਕਾਰ ਨਾ ਹੋਵੇ। ਅਧਿਆਪਕ ਕੋਲ਼ ਪੜ੍ਹਨ ਵਾਲੇ ਵਿਦਿਆਰਥੀ ਉਹਨਾਂ ਦੇ ਵਿਵਹਾਰ ਤੋਂ ਬਹੁਤ ਕੁਝ ਸਿੱਖਦੇ ਹਨ ਅਤੇ ਉਹਨਾਂ ਵਾਂਗ ਬਣਨ ਲਈ ਤਤਪਰ ਰਹਿੰਦੇ ਹਨ। ਘਟਨਾ ਸਿਉਂਕ ਦੁਆਰਾ ਬਣਾਈ ਵਰਮੀ ਦੀ ਹੈ ਜਿੱਥੇ ਸੱਪ ਅਕਸਰ ਆਪਣਾ ਰੈਣ-ਬਸੇਰਾ ਕਰਦੇ ਹਨ ਤੇ ਲੋਕ ਪੂਜਦੇ ਹਨ। ਇਸ ਕਾਰਨ ਫੈਲੇ ਡਰ ਨੂੰ ਦੂਰ ਕਰਨ ਲਈ ਮਲਵਿੰਦਰ ਨੇ ਵਿਸ਼ੇਸ਼ ਕਾਰਜ ਕੀਤਾ। ਉਸ ਨੇ ਤਰਕਸ਼ੀਲ ਸੁਸਾਇਟੀ ਦੇ ਜਿਲ੍ਹਾ ਪ੍ਰਧਾਨ ਸੁਮੀਤ ਸਿੰਘ ਨੂੰ ਬੁਲਾਇਆ। ਸੁਮੀਤ ਦੀ ਟੀਮ ਨੇ ਆਪਣੇ ਤਰਕ ਆਧਾਰਤ ਵਿਚਾਰਾਂ ਨਾਲ਼ ਬੱਚਿਆਂ ਅਤੇ ਅਧਿਆਪਕਾਂ ਨੂੰ ਜਾਗਰੂਕ ਕਰਕੇ ਉਹਨਾਂ ਦਾ ਡਰ ਦੂਰ ਕੀਤਾ। ਉਹਨਾਂ ਡਾ.ਕਾਵੂਰ ਦੀਆਂ ਕਿਤਾਬਾਂ ਦਾ ਜ਼ਿਕਰਕੀਤਾ, ਤਜ਼ਰਬੇ ਸਾਂਝੇ ਕੀਤੇ, ਵਹਿਮਾਂ-ਭਰਮਾਂ ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਸਾਹਮਣੇ ਰੱਖਿਆ ਅਤੇ ਵਿਗਆਨਿਕ ਸੋਚ ਅਪਨਾਉਣ ਲਈ ਕਿਹਾ। ਇਸ ਨਾਲ਼ ਸਕੂਲ ਅਮਦਰਸਾਕਾਰਾਤਮਕ ਸੋਚ ਕਾਇਮ ਹੋਈ।

ਪੁਸਤਕ ਦੇ ਦੂਜੇ ਭਾਗ ਵਿਚ ਪਰਵਾਸ ਦੇ ਸਰੋਕਾਰ ਅਧੀਨ ਪਰਵਾਸ ਨਾਲ਼ ਸਬੰਧਤ ਨਿਬੰਧ ਸ਼ਾਮਲ ਹਨ ਜਿਸ ਵਿਚ ਪਰਵਾਸ ਹੰਢਾ ਰਹੇ ਪੰਜਾਬੀ ਬੰਦੇ ਦੀ ਮਾਨਸਿਕਤਾ ਅਤੇ ਕਾਰਜ-ਪ੍ਰਣਾਲੀ ਦਾ ਜ਼ਿਕਰ ਹੈ। 19ਵੀਂ ਸਦੀ ਵਿਚ ਐਨੀਮੂਰੇ ਪੰਦਰਾਂ ਸਾਲ ਦੀ ਉਮਰ ਵਿਚ ਆਇਰਲੈਂਡ ਤੋਂ ਏਲਿਸ ਆਈਲੈਂਡ ਹੁੰਦਿਆਂ ਹੋਇਆਂ ਅਮਰੀਕਾ ਦੀ ਪਹਿਲੀ ਪਰਵਾਸੀ ਔਰਤ ਬਣੀ। ਭਾਰਤ ਵਿਚੋਂ ਸਭ ਤੋਂ ਵੱਧ ਪਰਵਾਸ ਕੈਨੇਡਾ ਦੀ ਧਰਤੀ 'ਤੇ ਹੋਇਆ ਜੋ ਅੱਜ ਤੱਕ ਜਾਰੀ ਹੈ ਜਿਸ ਸਦਕਾ ਪੰਜਾਬ ਦੀ ਆਰਥਿਕਤਾ ਨੂੰ ਠੁੰਮਣਾ ਮਿਲਿਆ। ਸ਼ੁਰੂ ਵਿਚ ਪਰਵਾਸ ਕਰਨ ਵਾਲੇ ਪੰਜਾਬੀਆਂ ਨੇ ਆਪਣੀ ਸਵੈ-ਪਛਾਣ ਨੂੰ ਕਾਇਮ ਰੱਖਿਆ ਅਤੇ ਸਮਾਜ ਵਿਚ ਸਨਮਾਨਯੋਗ ਸਥਾਨ ਪ੍ਰਾਪਤ ਕੀਤੇ। ਨਿਬੰਧ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਵਰਤਮਾਨ ਸਮੇਂ ਕੈਨੇਡਾ ਵਿਚ ਪਰਵਾਸ ਹੰਢਾ ਰਹੇ ਪਰਵਾਸੀਆਂ ਦੀ ਇੱਕ ਭੀੜ ਜਿਹੀ ਬਣ ਗਈ ਹੈ। ਭੀੜ ਦਾ ਵਿਵਹਾਰ ਹਮੇਸ਼ਾ ਚਿੰਤਾ ਵਾਲ਼ਾ ਰਹਿੰਦਾ ਹੈ। ਇਸ ਨਾਲ ਕਈ ਤਰ੍ਹਾਂ ਦੇ ਵਿਗਾੜ ਪੈਦਾ ਹੁੰਦੇ ਹਨ। ਦਹਾਕੇ ਪਹਿਲਾਂ ਉਥੇ ਵੱਸ ਗਏ ਅਤੇ ਆਪਣੀ ਮਿਹਨਤ ਨਾਲ਼ ਸਥਾਪਤ ਲੋਕ ਮਹਿਸੂਸ ਕਰਦੇ ਹਨ ਕਿ ਨਵਿਆਂ ਦੀ ਆਮਦ ਆਪਣੇ ਵਿਵਹਾਰ ਕਾਰਣ ਸਿਸਟਮ ਵਿਚ ਵਿਗਾੜ ਪੈਦਾ ਕਰ ਰਹੀ ਹੈ। ਗੈਂਗਸਟਰ ਗਰੁੱਪ ਅਤੇ ਨਸ਼ਿਆਂ ਦੇ ਕਾਰੋਬਾਰ ਵਿਚ ਪੰਜਾਬੀ ਭਾਈਚਾਰੇ ਦਾ ਨਾਂ ਆਉਣਾ ਸ਼ਰਮਨਾਕ ਵਰਤਾਰਾ ਹੈ। ਪੁਸਤਕ ਵਿਚ ਦਰਜ਼ ਹੈ ਕਿ 'ਡ੍ਰਗਜ ਵਰਗਾ ਕਾਰੋਬਾਰ ਜਿਸ ਤੋਂ ਪੰਜਾਬ ਬੁਰੀ ਤਰ੍ਹਾਂ ਪੀੜਤ ਹੈ, ਦੀ ਦਸਤਕ ਸੱਤ ਸਮੁੰਦਰ ਪਾਰ ਵੀ ਸੁਣਦੀ ਹੈ। ਮਾਪਿਆਂ ਦੇ ਸੁਪਨੇ ਵਿਲਕਦੇ ਅਤੇ ਟੁੱਟਦੇ ਵੀ ਹਨ। ਡ੍ਰਗਜ ਦੇ ਇਸ ਘਿਨਾਉਣੇ ਵਰਤਾਰੇ ਦੀ ਪਹੁੰਚ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਤਕ ਵੀ ਹੋ ਗਈ ਹੈ'।

ਮਲਵਿੰਦਰ ਦਾ ਯਥਾਰਤਕ ਜੀਵਨ ਬਾਰੇ ਜਾਣਕਾਰੀ ਦਿੰਦਾ ਨਿਬੰਧ 'ਪਾਰਕਾਂ ਨੂੰ ਦੁੱਖ ਦੱਸਦੇ' ਵਿਚ ਗਰੇਟ ਲੇਕਸ ਪਾਰਕ ਸਮੇਤ ਬਰੈਂਪਟਨ ਵਿਚ ਛੇ ਦਰਜਨ ਪਾਰਕਾਂ ਦਾ ਜ਼ਿਕਰ ਹੈ। ਪਾਰਕਾਂ ਦੇ ਹਵਾਲੇ ਨਾਲ਼ ਪੇਸ਼ ਹੋਈ ਬਜ਼ੁਰਗਾਂ ਦੀ ਹੋਣੀ ਤਰਾਸਦਿਕ ਦ੍ਰਿਸ਼ਟੀਗੋਚਰ ਹੁੰਦੀ ਹੈ। ਇਹਨਾਂ ਪਾਰਕਾਂ ਵਿਚ ਹਰ ਤਰ੍ਹਾਂ ਦੇ ਵਿਸ਼ੇ ਵਿਚਾਰੇ ਜਾਂਦੇ ਹਨ। ਪਰ ਮੁੱਖ ਵਿਸ਼ਾ ਬਜ਼ੁਰਗਾਂ 'ਤੇ ਹੁੰਦੇ ਜ਼ੁਲਮ ਬਾਰੇ ਹੈ। ਪਿਆਰਾ ਸਿੰਘ, ਹਰਭਜਨ ਸਿੰਘ, ਪਹਿਲਵਾਨ ਹਰਨਾਮ ਸਿੰਘ ਪਾਤਰਾਂ ਰਾਹੀਂ ਬਜ਼ੁਰਗਾਂ ਦੀ ਹੋਣੀ ਨੂੰ ਰੂਪਮਾਨ ਕੀਤਾ ਗਿਆ ਹੈ। ਮਲਵਿੰਦਰ ਪਾਰਕਾਂ ਨੂੰ ਸਰੋਤੇ ਵਜੋਂ ਰੂਪਮਾਨ ਕਰਨ ਵਿਚ ਸਫ਼ਲ ਹੋਇਆ ਹੈ: 'ਪਾਰਕਾਂ ਬੜਾ ਵੱਡਾ ਆਸਰਾ ਹੈ ਬਿਰਧ ਪਰਵਾਸੀਆਂ ਲਈ। ਦਿਨ ਦੇ ਕਿਸੇ ਵੀ ਪਹਿਰ ਇਥੇ ਆ ਕੇ ਬੈਠਿਆ ਜਾ ਸਕਦਾ ਹੈ। ਖ਼ਾਲੀ ਪਏ ਬੈਂਚਾਂ ਉਪਰ ਲੇਟਿਆ ਜਾ ਸਕਦਾ ਹੈ। ਕਿਸੇ ਆਪਣੇ ਵਰਗੇ ਨਾਲ਼ ਗੱਲਾਂ ਕੀਤੀਆਂ ਜਾ ਸਕਦੀਆਂ ਹਨ। ਪਾਰਕ ਸਭ ਸੁਣਦੀ ਹੈ। ਧਰਵਾਸ ਵੀ ਦਿੰਦੀ ਹੈ'।

ਮਲਵਿੰਦਰ ਦਾ ਬਹੁਤ ਹੀ ਮਹੱਤਵਪੂਰਨ ਤੇ ਤਰਕ ਅਧਾਰਿਤ ਨਿਬੰਧ 'ਬਦਲਦੇ ਅਰਥਾਂ ਵਿਚ ਪਰਵਾਸ ਦੇ ਸਰੋਕਾਰ' ਵਿਚ ਤੱਥਕ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ। ਵਰਤਮਾਨ ਵਿਚ ਪਰਵਾਸ ਧਾਰਨ ਕਰਨ ਦਾ ਮਕਸਦ ਹੀ ਬਦਲ ਗਿਆ ਹੈ। ਪੁਰਾਣੇ ਸਮਿਆਂ ਵਿਚ ਪਰਵਾਸ 'ਤੇ ਘਰ ਦਾ ਇੱਕ ਜੀਅ ਜਾਂਦਾ ਸੀ ਜੋ ਅਣਥੱਕ ਮਿਹਨਤ ਕਰਦਾ ਸੀ ਤੇ ਪੈਸੇ ਪਿੱਛੇ ਰਹਿ ਗਏ ਪਰਿਵਾਰ ਨੂੰ ਭੇਜਦਾ ਸੀ। ਪਰਿਵਾਰ ਖ਼ੁਸ਼ਹਾਲ ਹੁੰਦਾ ਸੀ ਤੇ ਕੁਝ ਸਾਲਾਂ ਬਾਦ ਪਰਵਾਸ 'ਤੇ ਗਿਆ ਜੀਅ ਵੀ ਵਤਨ ਪਰਤ ਆਉਂਦਾ ਸੀ। ਪਰ ਹੁਣ ਦੇ ਸਮਿਆਂ ਵਿਚ ਪਰਵਾਸ ਤੋਂ ਭਾਵ ਉਥੋਂ ਦੀ ਨਾਗਰਿਕਤਾ ਹਾਸਲ ਕਰਨੀ ਤੇ ਪਰਿਵਾਰ ਸਮੇਤ ਉਥੇ ਵੱਸਣਾ ਹੈ। ਪਰ ਅਜਿਹੇ ਰੁਝਾਨ ਦੇ ਮਾੜੇ ਪਹਿਲੂ ਵੀ ਹਨ ਜਿਸ ਬਾਰੇ ਮਲਵਿੰਦਰ ਦੀ ਟਿੱਪਣੀ ਗੌਲਣਯੋਗ ਹੈ: "ਜੀਵਨ ਦੀਆਂ ਉਹ ਸਾਰੀਆਂ ਬੇਤਰਤੀਬੀਆਂ, ਪ੍ਰੇਸ਼ਾਨੀਆਂ, ਔਕੜਾਂ, ਸਿਸਟਮ ਦੀਆਂ ਖ਼ਰਾਬੀਆਂ ਜੋ ਤੁਸੀਂ ਪਿੱਛੇ ਛੱਡ ਆਏ ਹੋ, ਥੋੜ੍ਹੇ ਬਹੁਤੇ ਫ਼ਰਕ ਨਾਲ਼ ਨਵੇਂ ਦੇਸ਼,ਨਵੀਂ ਭੂਮੀ,ਨਵੇਂ ਮੌਸਮ ਵਿਚ ਵੀ ਮੌਜੂਦ ਹੁੰਦੇ ਹਨ"।

ਲੇਖਕ ਸਪਸ਼ਟ ਸ਼ਬਦਾਂ ਵਿਚ ਸਮਝਾਉਂਦਾ ਹੈ ਕਿ ਸਵਰਗ ਵਰਗੀ ਜੀਵਨ ਹਯਾਤੀ ਕਿਸੇ ਵੀ ਦੇਸ਼ ਵਿਚ ਨਹੀਂ ਹੈ। ਸੂਲੀ ਦਾ ਪ੍ਰਬੰਧ ਹਰ ਜਗ੍ਹਾ ਹੁੰਦਾ ਹੈ। ਇਸ ਲਈ ਨਫ਼ਰਤ, ਲਾਲਚ, ਧੋਖਾ, ਮਕਾਰੀ, ਹੇਰਾਫੇਰੀ, ਠੱਗੀ ਆਦਿ ਨਰਕ ਸਮਾਨ ਹਨ। ਜਦਕਿ ਸਾਕਾਰਾਤਮਕ ਸੋਚ, ਸੁਹਿਰਦਤਾ, ਸਿਰੜ, ਇਰਾਦੇ ਅਤੇ ਮਿਹਨਤ ਨਾਲ ਹੀ ਸਵਰਗ ਵਰਗਾ ਜੀਵਨ ਪ੍ਰਾਪਤ ਹੋ ਸਕਦਾ ਹੈ। ਵਾਰਤਾਕਾਰ ਨੈਤਿਕ ਮੁੱਲ ਵਿਧਾਨਾ ਉੱਤੇ ਜ਼ੋਰ ਦਿੰਦਾ ਹੈ ਤਾਂ ਜੋ ਸਾਕਾਰਾਤਮਿਕ ਸੋਚ ਨਾਲ਼ ਮੁਸ਼ਕਲਾਂ ਉੱਤੇ ਕਾਬੂ ਪਾਇਆ ਜਾ ਸਕੇ। ਮਲਵਿੰਦਰ ਬੇਬਾਕਪਣ ਨਾਲ਼ ਪੰਜਾਬੀਆਂ ਨੂੰ ਸੁਨੇਹਾ ਦਿੰਦਾ ਹੈ: "ਦੁਨੀਆ ਦੇ ਕਿਸੇ ਵੀ ਕੋਨੇ ਵਿਚ ਪਰਵਾਸੀ ਬਣ ਕੇ ਜਾਣ ਵਾਲ਼ੇ ਲੋਕਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਭੂਆ ਦੇ ਘਰ ਨਹੀਂ ਜਾ ਰਹੇ। ਅਸੀਂ ਨਵੀਆਂ ਚਣੌਤੀਆਂ ਨਾਲ਼ ਜੂਝਣਜਾ ਰਹੇ ਹਾਂ। ਬੇਹਤਰ ਜੀਵਨ ਹਾਲਤਾਂ ਪੈਦਾ ਕਰਨ ਜਾ ਰਹੇ ਹਾਂ"।

ਵਾਰਤਾਕਾਰ ਮਲਵਿੰਦਰ ਨੇ ਤਲਖ ਸਮੱਸਿਆਵਾਂ ਦੇ ਨਾਲ਼ ਨਾਲ਼ ਕੁਦਰਤ ਦੀ ਖ਼ੂਬਸੂਰਤੀ ਦਾ ਜ਼ਿਕਰ ਵੀ ਕੀਤਾ ਹੈ। ਉਸਦਾ ਨਿਬੰਧ 'ਫੁੱਲਾਂ ਦਾ ਸ਼ਹਿਰ ਬਰੈਂਪਟਨ' ਵਿਚ ਖੁਬਸੂਰਤ ਦ੍ਰਿਸ਼ਾਂ ਦਾ ਵਰਣਨ ਹੈ। ਰਾਜਨੀਤਕ ਪੱਖ ਤੋਂ ਇਥੋਂ ਦੇ ਚਾਰ ਐਮ.ਪੀ. ਪੰਜਾਬੀ ਹਨ। ਵਪਾਰਕ ਖੇਤਰ ਵਿਚ ਵੀ ਪੰਜਾਬੀਆਂ ਦਾ ਕਬਜ਼ਾ ਕਾਇਮ ਹੈ। ਵਾਰਤਾਕਾਰ ਇਥੋਂ ਦੀਆਂ ਸਾਹਿਤ ਸਭਾਵਾਂ ਦਾ ਜ਼ਿਕਰ ਵੀ ਕਰਦਾ ਹੈ ਜਿਹਨਾਂ ਨੇ ਪੰਜਾਬੀ ਮਾਂ-ਬੋਲੀ ਦਾ ਪ੍ਰਚਾਰ ਤੇ ਪਰਸਾਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ ਅਤੇ ਨਿਰੰਤਰ ਸਰਗਰਮ ਹਨ। ਇਸ ਸ਼ਹਿਰ ਵਿਚ ਵੱਸਦੇ ਬਹੁਤ ਸਾਰੇ ਲੇਖਕਾਂ, ਵਿਦਵਾਨਾਂ ਦਾ ਜ਼ਿਕਰ ਵੀ ਪੜ੍ਹਨ ਨੂੰ ਮਿਲਦਾ ਹੈ। ਬਰੈਂਪਟਨ ਵਿਚ ਝੀਲਾਂ, ਛੱਪੜਾਂ, ਜੰਗਲ ਤੇ ਸ਼ਵੱਸ ਪਾਣੀਆਂ ਦਾ ਵੀ ਜ਼ਿਕਰ ਹੈ। ਕੈਨੇਡਾ ਵਿਚ ਵਰਤੋਂ ਲਈ ਪਾਣੀ ਦੀਆਂ ਜਰੂਰਤਾਂ ਧਰਤੀ ਉਪਰਲੇ ਛੱਪੜਾਂ, ਝੀਲਾਂ ਵਿਚਲੇ ਪਾਣੀ ਤੋਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਪੰਜਾਬ ਸਮੇਤ ਦੁਨੀਆਂ ਦੇ ਹੋਰ ਖਿਤਿਆਂ ਦੇ ਲੋਕਾਂ ਅਤੇ ਸਰਕਾਰਾਂ ਨੂੰ ਵੀ ਅਜਿਹੀ ਜੀਵਨ ਸ਼ੈਲੀ ਅਪਨਾਉਣੀ ਚਾਹੀਦੀ ਹੈ। ਇਥੋਂ ਦੀਆਂ ਪਾਰਕਾਂ ਵਿਚਲੇ ਖੇਡ ਮੈਦਾਨਾਂ ਨੂੰ ਨੌਜਵਾਨ ਬੱਚੇ ਫੁੱਟਬਾਲ, ਕ੍ਰਿਕਟ ਤੇ ਹੋਰ ਖੇਡਾਂ ਲਈ ਵਰਤਦੇ ਹਨ। ਬਰੈਂਪਟਨ ਵਿੱਚ ਗੁਰਦੂਆਰੇ ਤੇ ਮੰਦਿਰ ਵੀ ਹਨ ਜਿਸ ਦਾ ਜ਼ਿਕਰ ਵੀ ਪੜ੍ਹਨ ਨੂੰ ਮਿਲਦਾ ਹੈ।

ਮਲਵਿੰਦਰ ਦੀ ਪੁਸਤਕ ਵਿਚਲੇ ਕੁਝ ਹੋਰ ਨਿਬੰਧ, ਜਿਹਨਾਂ ਦਾ ਜ਼ਿਕਰ ਰਹਿ ਗਿਆ ਹੈ, ਵਿਚ ਭੀੜ, ਹੋਂਦ ਦਾ ਸਵਾਲ, ਵੱਖਰੀ ਤਰ੍ਹਾਂ ਸੋਚਣ ਦੀ ਲੋੜ, ਡਰ ਰਹਿਤ ਸਮਾਜ ਦੀ ਸਿਰਜਣਾ ਆਦਿ ਵਿਚ ਆਧੁਨਿਕ ਜੀਵਨ-ਸ਼ੈਲੀ, ਚਰਿੱਤਰ, ਸੰਜਮ, ਵਿਹਾਰਕ ਸੂਝ ਤੇ ਨਿਰਮਾਣਤਾ ਦੀ ਪ੍ਰਾਪਤੀ ਦਾ ਰਸਤਾ ਦ੍ਰਿਸ਼ਟੀਗੋਚਰ ਹੁੰਦਾ ਹੈ ਤਾਂ ਜੋ ਚੰਗੇ ਸਮਾਜ ਦੀ ਸਿਰਜਣਾ ਹੋ ਸਕੇ।

ਉਪਰੋਕਤ ਵਿਚਾਰ-ਚਰਚਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮਲਵਿੰਦਰ ਦੀ ਵਾਰਤਕ ਪੁਸਤਕ 'ਚੁੱਪ ਦਾ ਮਰਮ ਪਛਾਣੀਏ' ਵਿਚ ਦੇਸ਼-ਪਰਦੇਸ਼ ਵਿਚ ਮਨੁੱਖ ਦੀ ਜੀਵਨ ਹਯਾਤੀ ਨੂੰ ਸਮਾਜਕ, ਆਰਥਕ, ਧਾਰਮਿਕ, ਰਾਜਨੀਤਕ, ਇਤਿਹਾਸਕ, ਸਭਿਆਚਾਰਕ, ਵਿਗਆਨਕ, ਮਨੋ-ਵਿਗਿਆਨਕ ਅਤੇ ਬਹੁ-ਸਭਿਆਚਾਰ ਦੇ ਪਰਿਪੇਖ ਵਿਚੋਂ ਸਮਝਣ ਦਾ ਯਤਨ ਕੀਤਾ ਗਿਆ ਹੈ। ਨਿਬੰਧਾਂ ਵਿਚਲੀ ਤਰਕ-ਵਿਤਰਕ ਦੀ ਦ੍ਰਿਸ਼ਟੀ ਯਥਾਰਥਕ ਪ੍ਰਸਥਿਤੀਆਂ ਨੂੰ ਰੂਪਮਾਨ ਕਰਨ ਵਿਚ ਸਫ਼ਲ ਹੋਈ ਹੈ। ਉਸਦੇ ਨਿਬੰਧ ਵਰਤਮਾਨ, ਭੂਤ ਤੇ ਭਵਿੱਖ ਵਿਚ ਕੜੀ ਸਥਾਪਤ ਕਰਕੇ ਮਨੁੱਖ ਨੂੰ ਗਿਆਨ ਦੇ ਪ੍ਰਵਾਹ ਨਾਲ਼ ਜੋੜਦੇ ਹਨ।

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Tes
* Notary Services
* International Driver Lic.
Lic. 600094
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

## ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅੱਠ ਵਿਦਿਆਰਥਣਾ ਜਾਣਗੀਆਂ ਜਪਾਨ ਫੇਰੀ 'ਤੇ : ਹਰਜੋਤ ਸਿੰਘ ਬੈਂਸ

ਚੰਡੀਗੜ੍ਹ, 6 ਦਸੰਬਰ (ਗਿਆਨ ਸਿੰਘ): ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੀਆਂ ਅੱਠ ਵਿਦਿਆਰਥਣਾਂ 7 ਦਿਨਾਂ ਲਈ ਜਪਾਨ ਫੇਰੀ 'ਤੇ ਜਾਣਗੀਆਂ। ਇਹ ਜਾਣਕਾਰੀ ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘਬੈਂਸ ਵੱਲੋਂ ਅੱਜ ਇੱਥੇ ਦਿੱਤੀ ਗਈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਜਪਾਨ ਏਸ਼ੀਆ ਯੂਥ ਅਕਸਚੇਂਜ ਪ੍ਰੋਗਰਾਮ ਇਨ ਸਾਇੰਸ, ਜਿਸਨੂੰ ਕਿ ਸਾਕੂਰਾ ਅਕਸਚੇਂਜ ਪ੍ਰੋਗਰਾਮ ਇਨ ਸਾਇੰਸ ਵਜੋਂ ਵੀ ਜਾਣਿਆ ਜਾਂਦਾ ਹੈ , ਵਿੱਚ ਭਾਗ ਲੈਣ ਲਈ ਸੂਬੇ ਦੇ ਸਰਕਾਰੀ ਸਕੂਲਾਂ ਦੀਆਂ ਅੱਠ ਵਿਦਿਆਰਥਣਾ ਚੁਣੀਆਂ ਗਈਆਂ ਹਨ। ਇਹ ਵਿਦਿਆਰਥਣਾਂ 7 ਦਿਨ ਮਿਤੀ 10 ਤੋਂ 16 ਦਸੰਬਰ,2023 ਤੱਕ ਜਪਾਨ ਵਿਖੇ ਰਹਿਣਗੀਆਂ।

ਉਨ੍ਹਾਂ ਦੱਸਿਆ ਕਿ ਚੁਣੀਆਂ ਗਈਆਂ ਵਿਦਿਆਰਥਣਾਂ ਵਿੱਚ ਸਕੂਲ ਆਫ਼ ਐਮੀਨੈਂਸ ਮਾਨਸਾ ਦੀ ਵਿਦਿਆਰਥਣ ਹਰਮਨਦੀਪ ਕੌਰ ਸਪੁੱਤਰੀ ਸੁਖਵਿੰਦਰ ਸਿੰਘ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਭਵਾਨੀਗੜ੍ਹ ਦੀ ਜਸਮੀਤ ਕੌਰ ਸਪੁੱਤਰੀ ਗੁਰਦੀਪ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ ਪਟਿਆਲਾ ਦੀ ਸੰਜਨਾ ਪੁੱਤਰੀ ਰਜਤ ਕੁਮਾਰ, ਮੈਰੀਟੋਰੀਅਸ ਸਕੂਲ ਬਠਿੰਡਾ ਦੀ ਵਿਦਿਆਰਥਣ ਸਪਨਾ ਪੁੱਤਰੀ ਸੰਤ ਰਾਮ, ਸਕੂਲ ਆਫ਼ ਐਮੀਨੈਂਸ ਕਪੂਰਥਲਾ ਦੀ ਵਿਦਿਆਰਥਣ ਨਿਸ਼ਾ ਰਾਣੀ ਪੁੱਤਰੀ ਜਸਵਿੰਦਰ ਸਿੰਘ , ਮੈਰੀਟੋਰੀਅਸ ਸਕੂਲ ਫਿਰੋਜ਼ਪੁਰ ਦੀ ਵਿਦਿਆਰਥਣ ਗੁਰਵਿੰਦਰ ਕੌਰ ਪੁੱਤਰੀ ਕੁਲਦੀਪ ਸਿੰਘ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮੌੜਮੰਡੀ ਦੀ ਵਿਦਿਆਰਥਣ ਦੀਪਿਕਾ ਪੁੱਤਰੀ ਹਰਵਿੰਦਰ ਕੁਮਾਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਰੰਧਾਵਾ ਮਸੰਦਾਂ ਜਲੰਧਰ ਖਵਾਹਿਸ਼ ਪੁੱਤਰੀ ਰਮਨ ਕੁਮਾਰ ਸ਼ਾਮਿਲ ਹਨ।

## ਜੌੜਾਮਾਜਰਾ ਵੱਲੋਂ ਸਸਤਾ ਰੇਤਾ-ਬਜਰੀ ਮੁਹੱਈਆ ਕਰਾਉਣ, ਗ਼ੈਰ-ਕਾਨੂੰਨੀ ਮਾਈਨਿੰਗ ਨੂੰ ਠੱਲ੍ਹ ਪਾਉਣ ਅਤੇ ਪਰਾਲੀ ਦਾ ਨਿਪਟਾਰਾ ਯਕੀਨੀ ਬਣਾਉਣ ਦਾ ਅਹਿਦ

### ਕਰੱਸ਼ਰ ਮਾਲਕਾਂ, ਮਾਈਨਿੰਗ ਠੇਕੇਦਾਰਾਂ ਅਤੇ ਭੱਠਾ ਮਾਲਕਾਂ ਨਾਲ ਕੀਤੀਆਂ ਹੰਗਾਮੀ ਮੀਟਿੰਗਾਂ

ਚੰਡੀਗੜ੍ਹ, 6 ਦਸੰਬਰ (ਗਿਆਨ ਸਿੰਘ): ਪੰਜਾਬ ਦੇ ਖਣਨ ਅਤੇ ਭੂ-ਵਿਗਿਆਨ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਵੱਲੋਂ ਸੂਬਾ ਵਾਸੀਆਂ ਨੂੰ ਸਸਤੀਆਂ ਦਰਾਂ 'ਤੇ ਰੇਤਾ-ਬਜਰੀ ਮਿਲਣਾ ਯਕੀਨੀ ਬਣਾਉਣ, ਗ਼ੈਰ-ਕਾਨੂੰਨੀ ਮਾਈਨਿੰਗ ਨੂੰ ਠੱਲ੍ਹ ਪਾਉਣ ਅਤੇ ਸੂਬੇ ਨੂੰ ਪ੍ਰਦੂਸ਼ਣ-ਮੁਕਤ ਕਰਨ ਲਈ ਪਰਾਲੀ ਦਾ ਨਿਪਟਾਰਾ ਯਕੀਨੀ ਬਣਾਉਣ ਲਈ ਅੱਜ ਕਰੱਸ਼ਰ ਮਾਲਕਾਂ, ਮਾਈਨਿੰਗ ਠੇਕੇਦਾਰਾਂ ਅਤੇ ਭੱਠਾ ਮਾਲਕਾਂ ਨਾਲ ਪੰਜਾਬ ਭਵਨ ਵਿਖੇ ਵੱਖੋ-ਵੱਖ ਹੰਗਾਮੀ ਮੀਟਿੰਗਾਂ ਕੀਤੀਆਂ ਗਈਆਂ।

ਇਸ ਦੌਰਾਨ ਕੈਬਨਿਟ ਮੰਤਰੀ ਨੇ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਨੂੰ ਪ੍ਰਦੂਸ਼ਣ-ਮੁਕਤ ਬਣਾਉਣ ਦੇ ਨਾਲ-ਨਾਲ ਮਾਈਨਿੰਗ ਸੈਕਟਰ ਅੰਦਰ ਪਾਰਦਰਸ਼ਤਾ ਅਤੇ ਨੈਤਿਕ ਅਭਿਆਸਾਂ ਨੂੰ ਕਾਇਮ ਰੱਖਣ ਲਈ ਵਚਨਬੱਧ ਹੈ, ਇਸ ਲਈ ਭੱਠਾ ਮਾਲਕ ਅਤੇ ਕਰੱਸ਼ਰ ਮਾਲਕ ਤੇ ਮਾਈਨਿੰਗ ਠੇਕੇਦਾਰ ਸਰਕਾਰ ਦੇ ਇਸ ਕਦਮ ਵਿੱਚ ਭਰਪੂਰ ਸਹਿਯੋਗ ਦੇਣ। ਉਨ੍ਹਾਂ ਭੱਠਾ ਮਾਲਕਾਂ ਨੂੰ ਅਪੀਲ ਕੀਤੀ ਕਿ ਸੂਬੇ ਵਿੱਚ ਪਰਾਲੀ ਦਾ ਨਿਪਟਾਰਾ ਕਰਨਾ ਵੱਡਾ ਮੁੱਦਾ ਹੈ। ਇਸ ਲਈ ਸੂਬੇ ਨੂੰ ਪ੍ਰਦੂਸ਼ਣ-ਮੁਕਤ ਕਰਨ ਦੇ ਉਦਮਾਂ ਤਹਿਤ ਭੱਠਾ ਮਾਲਕ ਘੱਟੋ-ਘੱਟ 20 ਫ਼ੀਸਦੀ ਪਰਾਲੀ ਆਪਣੇ ਭੱਠਿਆਂ ਵਿੱਚ ਵਰਤਣ। ਉਨ੍ਹਾਂ ਕਿਹਾ ਕਿ ਛੇਤੀ ਹੀ ਭਾਈਵਾਲ ਵਿਭਾਗਾਂ ਜਿਵੇਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਵਾਤਾਵਰਣ ਵਿਭਾਗ ਅਤੇ ਭੱਠਾ ਮਾਲਕਾਂ ਨਾਲ ਮੀਟਿੰਗ ਕਰਕੇ ਇਸ ਸਬੰਧੀ ਅਗਲੀ ਕਾਰਵਾਈ ਉਲੀਕੀ ਜਾਵੇਗੀ।

ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਭੱਠਾ ਮਾਲਕਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਵੱਲੋਂ 2 ਹੈਕਟੇਅਰ ਤੱਕ ਮਿੱਟੀ ਪੁੱਟਣ ਦੀ ਇਜਾਜ਼ਤ ਦੇਣ ਦੀ ਰੱਖੀ ਗਈ ਮੁੱਖ ਮੰਗ ਨੂੰ ਹਮਦਰਦੀ ਨਾਲ ਵਿਚਾਰਿਆ ਜਾਵੇਗਾ ਅਤੇ ਇਸ ਸਬੰਧੀ ਛੇਤੀ ਹੀ ਫ਼ੈਸਲਾ ਲਿਆ ਜਾਵੇਗਾ ਜਿਸ ਨਾਲ ਉਨ੍ਹਾਂ ਦੀ ਚਿਰੋਕਣੀ ਮੰਗ ਪੂਰੀ ਹੋ ਜਾਵੇਗੀ।

ਜੌੜਾਮਾਜਰਾ ਨੇ ਮਾਈਨਿੰਗ ਠੇਕੇਦਾਰਾਂ ਨਾਲ ਮੀਟਿੰਗ ਦੌਰਾਨ ਪਾਰਦਰਸ਼ੀ ਅਤੇ ਸਾਫ਼-ਸੁਥਰੇ ਢੰਗ ਨਾਲ ਕੰਮ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਮਾਈਨਿੰਗ ਠੇਕੇਦਾਰ ਕਾਨੂੰਨੀ ਤਰੀਕੇ ਨਾਲ ਖਣਨ ਗਤੀਵਿਧੀਆਂ ਕਰ ਰਹੇ ਹਨ, ਇਸ ਲਈ ਪ੍ਰਸ਼ਾਸਨਿਕ ਅਮਲੇ ਰਾਹੀਂ ਉਨ੍ਹਾਂ ਨੂੰ ਪੂਰੀ ਮਦਦ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਗ਼ੈਰ-ਕਾਨੂੰਨੀ ਮਾਈਨਿੰਗ ਵਿਰੁੱਧ ਮੁਹਿੰਮ ਵਿੱਢੀ ਹੋਈ ਹੈ ਜਿਸ ਨਾਲ ਕਾਨੂੰਨੀ ਢੰਗ ਨਾਲ ਮਾਈਨਿੰਗ ਕਰ ਰਹੇ ਠੇਕੇਦਾਰਾਂ ਨੂੰ ਨਿਰੰਤਰ ਫ਼ਾਇਦਾ ਹੋਣਾ ਤੈਅ ਹੈ। ਇਸ ਦੌਰਾਨ ਮਾਈਨਿੰਗ ਠੇਕੇਦਾਰਾਂ ਵੱਲੋਂ ਖਣਨ ਲਈ ਪੌਕਲੇਨ ਮਸ਼ੀਨਾਂ ਵਰਤਣ ਦੀ ਮੰਗ 'ਤੇ ਮੰਤਰੀ ਨੇ ਕਿਹਾ ਕਿ ਇਸ ਮੰਗ ਸਬੰਧੀ ਹਮਦਰਦੀ ਨਾਲ ਵਿਚਾਰ ਕੀਤਾ ਜਾਵੇਗਾ।

ਇਸੇ ਤਰ੍ਹਾਂ ਕਰੱਸ਼ਰ ਮਾਲਕਾਂ ਨਾਲ



ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਨੂੰ ਕਿਫ਼ਾਇਤੀ ਦਰਾਂ 'ਤੇ ਰੇਤ-ਬਜਰੀ ਮੁਹੱਈਆ ਕਰਾਉਣ ਲਈ ਅਤੇ ਕਰੱਸ਼ਰ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਸੂਬਿਆਂ ਦੀਆਂ ਨੀਤੀਆਂ ਨੂੰ ਘੋਖੇਗੀ। ਕਰੱਸ਼ਰ ਮਾਲਕਾਂ ਵੱਲੋਂ ਮਾਈਨਿੰਗ ਵਾਲੀਆਂ ਥਾਵਾਂ ਲੀਜ਼ 'ਤੇ ਦੇਣ ਦੀ ਮੰਗ ਬਾਰੇ ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਸਬੰਧੀ ਵਿਚਾਰ ਕੀਤਾ ਜਾਵੇਗਾ ਅਤੇ ਛੇਤੀ ਹੀ ਕੋਈ ਢੁਕਵਾਂ ਫ਼ੈਸਲਾ ਲਿਆ ਜਾਵੇਗਾ।

ਦੱਸ ਦੇਈਏ ਕਿ ਬੀਤੇ ਕੱਲ੍ਹ ਸ. ਚੇਤਨ ਸਿੰਘ ਜੌੜਾਮਾਜਰਾ ਨੇ ਖਣਨ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸੋਚ ਮੁਤਾਬਕ ਸੂਬਾ ਵਾਸੀਆਂ ਨੂੰ ਸਸਤੇ ਭਾਅ 'ਤੇ ਰੇਤ-ਬਜਰੀ ਮੁਹੱਈਆ ਕਰਾਉਣ ਲਈ ਨਿਕਾਸੀ ਵਧਾਉਣ ਸਬੰਧੀ ਵਿਉਂਤਬੰਦੀ ਕਰਨ ਲਈ ਕਿਹਾ ਸੀ। ਉਨ੍ਹਾਂ ਜ਼ਿਲ੍ਹਾ ਸਰਵੇਖਣ ਰਿਪੋਰਟਾਂ ਵਿੱਚ ਹੋਰ ਸੰਭਾਵਿਤ ਸਾਈਟਾਂ ਨੂੰ ਸ਼ਾਮਲ ਕਰਕੇ ਅਤੇ ਸਾਰੀਆਂ ਮਾਈਨਿੰਗ ਸਾਈਟਾਂ 'ਤੇ ਕਾਰਵਾਈਆਂ ਸ਼ੁਰੂ ਕਰਕੇ ਅਤੇ ਖਣਿਜਾਂ ਦੀ ਨਿਕਾਸੀ ਨੂੰ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਜਿਸ ਨਾਲ ਬਾਜ਼ਾਰ ਵਿੱਚ ਰੇਤ ਤੇ ਬਜਰੀ ਦੀ ਉਪਲਬਧਤਾ ਵਧਣਾ, ਕੀਮਤਾਂ ਘਟਾਉਣ ਵਿੱਚ ਮਦਦ ਮਿਲਣਾ ਅਤੇ ਗ਼ੈਰ-ਕਾਨੂੰਨੀ ਮਾਈਨਿੰਗ ਨੂੰ ਕਰੜੇ ਹੱਥੀਂ ਠੱਲ੍ਹ ਪਾਉਣਾ ਯਕੀਨੀ ਬਣੇਗਾ।

ਉਨ੍ਹਾਂ ਸਾਰੇ ਜ਼ਿਲ੍ਹਾ ਮਾਈਨਿੰਗ ਅਫ਼ਸਰਾਂ ਨੂੰ ਆਪਣੇ ਫ਼ਰਜ਼ ਇਮਾਨਦਾਰੀ ਨਾਲ ਨਿਭਾਉਣ ਦੀ ਤਾਕੀਦ ਕਰਦਿਆਂ ਕਿਹਾ ਸੀ ਕਿ ਗ਼ੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਪਾਏ ਗਏ ਕਿਸੇ ਵੀ ਅਧਿਕਾਰੀ ਜਾਂ ਮੁਲਾਜ਼ਮ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਮੀਟਿੰਗ ਦੌਰਾਨ ਖਣਨ ਤੇ ਭੂ-ਵਿ-ਗਆਨ ਵਿਭਾਗ ਦੇ ਡਾਇਰੈਕਟਰ ਸ੍ਰੀ ਅਭਿਜੀਤ ਕਪਲਿਸ਼, ਚੀਫ ਇੰਜੀਨੀਅਰ (ਮਾਈਨਿੰਗ) ਹਰਦੀਪ ਸਿੰਘ ਮਹਿੰਦੀਰੱਤਾ ਅਤੇ ਹੋਰ ਅਧਿਕਾਰੀ ਮੌਜੂਦ ਸਨ।






ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।
ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090,
ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300


ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com










# ਐਕਸਿਸ ਬੈਂਕ ਵਿਚ ਦਿਨ-ਦਿਹਾੜੇ ਵੱਡੀ ਲੁੱਟ, 4 ਮਿੰਟਾਂ 'ਚ 16 ਲੱਖ ਲੁੱਟੇ

ਆਰਾ, 6 ਦਸੰਬਰ (ਪੋਸਟ ਬਿਊਰੋ): ਬਿਹਾਰ ਦੇ ਭੋਜਪੁਰ ਜ਼ਿਲ੍ਹੇ ਵਿਚ ਬੁੱਧਵਾਰ ਨੂੰ ਇਕ ਬੈਂਕ ਵਿਚ ਲੁੱਟ ਦੀ ਘਟਨਾ ਵਾਪਰੀ, ਜਿੱਥੇ ਪੁਲਸ ਬੈਂਕ ਦੇ ਬਾਹਰ ਲੁਟੇਰਿਆਂ ਦੇ ਆਤਮ ਸਮਰਪਣ ਲਈ ਕਹਿੰਦੀ ਰਹੀ ਅਤੇ ਇਸ ਤੋਂ ਪਹਿਲਾਂ ਹੀ ਲੁਟੇਰੇ ਬੈਂਕ 'ਚੋਂ 16 ਲੱਖ ਰੁਪਏ ਲੁੱਟ ਕੇ ਫਰਾਰ ਹੋ ਗਏ। ਦਰਅਸਲ, ਇਹ ਮਾਮਲਾ ਆਰਾ ਦੇ ਸਰਕਟ ਹਾਊਸ ਰੋਡ 'ਤੇ ਸਥਿਤ ਐਕਸਿਸ ਬੈਂਕ ਬ੍ਰਾਂਚ ਦਾ ਹੈ, ਜਿੱਥੋਂ ਬੈਂਕ ਖੁੱਲ੍ਹਦੇ ਹੀ ਲੁਟੇਰੇ ਕਰੀਬ 16 ਲੱਖ ਰੁਪਏ ਲੁੱਟ ਕੇ ਫਰਾਰ ਹੋ ਗਏ।



ਪੁਲਸ ਮੁਤਾਬਕ ਬੁੱਧਵਾਰ ਸਵੇਰੇ 10 ਵਜੇ ਦੇ ਕਰੀਬ ਪੰਜ ਅਪਰਾਧੀ ਹਥਿਆਰਾਂ ਨਾਲ ਲੈਸ ਐਕਸਿਸ ਬੈਂਕ ਆਰਾ ਵਿਚ ਦਾਖਲ ਹੋਏ ਅਤੇ ਬੈਂਕ ਕਰਮਚਾਰੀਆਂ ਨੂੰ ਇਕ ਕਮਰੇ 'ਚ ਬੰਦ ਕਰ ਦਿੱਤਾ। ਇਸ ਤੋਂ ਬਾਅਦ ਕਾਊਂਟਰ 'ਤੇ ਰੱਖੇ ਕਰੀਬ 16 ਲੱਖ ਰੁਪਏ ਲੈ ਕੇ ਚਾਰ ਮਿੰਟਾਂ 'ਚ ਹੀ ਫਰਾਰ ਹੋ ਗਏ। ਇਸ ਦੌਰਾਨ ਕਿਸੇ ਨੇ ਫੋਨ 'ਤੇ ਸੂਚਨਾ ਦਿੱਤੀ ਕਿ ਅਪਰਾਧੀ ਬੈਂਕ ਦੇ ਅੰਦਰ ਹਨ। ਇਸ 'ਤੇ ਪੁਲਸ ਨੇ ਬੈਂਕ ਨੂੰ ਘੇਰ ਲਿਆ ਅਤੇ ਅਪਰਾਧੀਆਂ ਨੂੰ ਆਤਮ ਸਮਰਪਣ ਕਰਨ ਲਈ ਆਖਦੀ ਰਹੀ। ਹਾਲਾਂਕਿ ਇਸ ਘਬਰਾਹਟ ਦੌਰਾਨ ਬਦਮਾਸ਼ ਪਹਿਲਾਂ ਹੀ ਫਰਾਰ ਹੋ ਗਏ ਸਨ। ਬਾਅਦ ਵਿੱਚ ਜਦੋਂ ਪੁਲਿਸ ਬੈਂਕ ਵਿੱਚ ਦਾਖ਼ਲ ਹੋਈ ਤਾਂ ਬੈਂਕ ਮੁਲਾਜ਼ਮਾਂ ਨੂੰ ਕਮਰੇ ਵਿੱਚੋਂ ਬਾਹਰ ਕੱਢਿਆ।

ਜਾਣਕਾਰੀ ਅਨੁਸਾਰ ਲੁੱਟ ਦੌਰਾਨ ਲੁਟੇਰਿਆਂ ਨੇ ਮੈਨੇਜਰ ਦੀ ਵੀ ਕੁੱਟਮਾਰ ਕੀਤੀ ਅਤੇ ਸਾਰੇ ਸਟਾਫ ਨੂੰ ਕੰਟੀਨ ਵਿੱਚ ਬੰਦ ਕਰ ਦਿੱਤਾ। ਜਦੋਂ ਤੱਕ ਪੁਲਿਸ ਪਹੁੰਚੀ, ਮੁਲਜ਼ਮ ਫ਼ਰਾਰ ਹੋ ਚੁੱਕੇ ਸਨ। ਬੈਂਕ ਦੇ ਅੰਦਰ ਅਤੇ ਬਾਹਰ ਜਾਣ ਦਾ ਇੱਕ ਹੀ ਰਸਤਾ ਹੈ। ਜਦੋਂ ਪੁਲਿਸ ਨੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਅਪਰਾਧੀ ਬੈਂਕ ਕਰਮਚਾਰੀਆਂ ਨੂੰ ਇੱਕ ਕਮਰੇ ਵਿੱਚ ਬੰਦ ਕਰਕੇ ਕੈਸ਼ ਕਾਊਂਟਰ 'ਤੇ ਰੱਖੇ ਕਰੀਬ 16 ਲੱਖ ਰੁਪਏ ਲੈ ਕੇ ਫ਼ਰਾਰ ਹੋ ਗਏ ਸਨ। ਪੁਲਿਸ ਹੁਣ ਲੁਟੇਰਿਆਂ ਨੂੰ ਫੜ੍ਹਨ ਵਿਚ ਲੱਗੀ ਹੋਈ ਹੈ ਅਤੇ ਪੂਰੇ ਮਾਮਲੇ ਦੀ ਜਾਂਚ ਕਰ ਰਹੀ ਹੈ।

# ਮਿਲਕ ਪਲਾਂਟ ਦੇ ਮੈਨੇਜਰ ਕੋਲੋਂ ਨਕਦੀ, ਸੋਨੇ ਦੇ ਗਹਿਣੇ, ਮਹਿੰਗੀਆਂ ਘੜੀਆਂ, ਜਾਇਦਾਦ ਦੇ ਦਸਤਾਵੇਜ਼ ਬਰਾਮਦ, ਵਿਜੀਲੈਂਸ ਬਿਊਰੋ ਵੱਲੋਂ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕੀਤਾ ਸੀ ਕਾਬੂ

## ਵਿੱਤ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਬਿਊਰੋ ਕਰੇਗੀ ਇੱਕ ਹੋਰ ਕੇਸ ਦਰਜ



ਚੰਡੀਗੜ੍ਹ, 6 ਦਸੰਬਰ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਨੇ ਮਿਲਕ ਪਲਾਂਟ ਮੋਹਾਲੀ ਵਿਖੇ ਤਾਇਨਾਤ ਮੈਨੇਜਰ (ਦੁੱਧ ਇਕੱਤਰਨ) ਮਨੋਜ ਕੁਮਾਰ ਸ਼੍ਰੀਵਾਸਤਵਾ ਦੇ ਘਰੋਂ ਲੱਖਾਂ ਦੀ ਨਗਦੀ ਸਮੇਤ ਕਈ ਕੀਮਤੀ ਜਾਇਦਾਦਾਂ ਅਤੇ ਮਹਿੰਗਾ ਸਮਾਨ ਬਰਾਮਦ ਕੀਤਾ ਹੈ, ਜਿਸ ਨੂੰ ਮੰਗਲਵਾਰ ਨੂੰ 50,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਸੀ। ਮੋਹਾਲੀ ਦੀ ਅਦਾਲਤ ਨੇ ਅੱਜ ਅਗਲੇਰੀ ਜਾਂਚ ਲਈ ਵਿਜੀਲੈਂਸ ਬਿਊਰੋ ਨੂੰ ਉਕਤ ਮੁਲਜ਼ਮ ਦਾ ਦੋ ਦਿਨ ਦਾ ਪੁਲਿਸ ਰਿਮਾਂਡ ਵੀ ਦੇ ਦਿੱਤਾ ਹੈ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਦੇ ਘਰ ਦੀ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ ਵਿਚੋਂ 7 ਲੱਖ ਰੁਪਏ ਨਕਦ, 8 ਸੋਨੇ ਦੀਆਂ ਮੁੰਦਰੀਆਂ, ਇਕ ਸੋਨੇ ਦਾ 'ਕੜਾ', ਕੁਝ ਗਹਿਣੇ ਅਤੇ 14 ਮਹਿੰਗੀਆਂ ਘੜੀਆਂ ਬਰਾਮਦ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਇਕ ਘੜੀ, ਜਿਸ ਦੀ ਕੀਮਤ 45,000 ਰੁਪਏ ਹੈ, ਵੀ ਜ਼ਬਤ ਕੀਤੀ ਹੈ ਜੋ ਕਿ ਸ਼ਿਕਾਇਤਕਰਤਾ ਨੇ ਚੰਡੀਗੜ੍ਹ ਦੇ ਬਾਜ਼ਾਰ ਤੋਂ ਖ਼ਰੀਦ ਕੇ ਇਸ ਮੈਨੇਜਰ ਨੂੰ ਦਿੱਤੀ ਸੀ।

ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਵੱਲੋਂ ਬੈਂਕ ਨੂੰ ਉਸਦਾ ਲਾਕਰ ਫਰੀਜ਼ ਕਰਨ ਅਤੇ ਹੋਰਨਾਂ ਬੈਂਕਾਂ ਨੂੰ ਉਸਦੇ ਖਾਤਿਆਂ ਦੇ ਸਾਰੇ ਵੇਰਵੇ ਮੁਹੱਈਆ ਕਰਵਾਉਣ ਲਈ ਵੀ ਕਿਹਾ ਗਿਆ ਹੈ। ਜ਼ਿਕਰਯੋਗ ਹੈ ਕਿ ਸਹਿਕ-'ਰਤਾ ਵਿਭਾਗ ਦੇ ਉਕਤ ਕਰਮਚਾਰੀ ਨੂੰ ਸੁਖਬੀਰ ਸਿੰਘ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਸੀ, ਜੋ ਉਕਤ ਮਿਲਕ ਪਲਾਂਟ 'ਚ ਇਕ ਨਿੱਜੀ ਫਰਮ ਵੱਲੋਂ ਦੁੱਧ ਇਕੱਠਾ ਕਰਨ ਵਾਲੇ ਟੈਂਕਰਾਂ ਦੀ ਦੇਖ-ਭਾਲ ਕਰਦਾ ਹੈ।

ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਸੀ ਕਿ ਵੱਖ-ਵੱਖ ਥਾਵਾਂ ਤੋਂ ਦੁੱਧ ਇਕੱਠਾ ਕਰਨ ਲਈ ਜਾਂਦੇ ਉਸ ਦੇ ਟੈਂਕਰਾਂ ਨੂੰ ਵਧੀਆ ਰੂਟ ਅਲਾਟ ਕਰਨ ਬਦਲੇ ਰਾਜ ਦੇ ਸਹਿਕਾਰਤਾ ਵਿਭਾਗ ਦਾ ਉਕਤ ਮੁਲਾਜ਼ਮ ਉਸ ਤੋਂ 50,000 ਰੁਪਏ ਦੀ ਰਿਸ਼ਵਤ ਮੰਗ ਰਿਹਾ ਹੈ। ਸ਼ਿਕਾਇਤਕਰਤਾ ਨੇ ਇਹ ਵੀ ਦੋਸ਼ ਲਾਇਆ ਕਿ ਉਕਤ ਮੈਨੇਜਰ ਇਸ ਕੰਮ ਸਬੰਧੀ ਪਹਿਲਾਂ ਹੀ ਉਸ ਕੋਲੋਂ 50,000 ਰੁਪਏ ਲੈ ਚੁੱਕਾ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਵਿਜੀਲੈਂਸ ਬਿਊਰੋ ਦੀ ਫਲਾਇੰਗ ਸਕੁਐਡ ਯੂਨਿਟ ਮੋਹਾਲੀ ਨੇ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ਾਂ ਦੀ ਪੜਤਾਲ ਕਰਦਿਆਂ ਇੱਕ ਜਾਲ ਵਿਛਾਇਆ ਅਤੇ ਦੋਸ਼ੀ ਮੈਨੇਜਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 50,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਸੀ। ਇਸ ਸਬੰਧੀ ਉਕਤ ਕਰਮਚਾਰੀ ਵਿਰੁੱਧ ਵਿਜੀਲੈਂਸ ਬਿਊਰੋ ਥਾਣਾ ਫਲਾਇੰਗ ਸਕੁਐਡ -1, ਪੰਜਾਬ ਮੁਹਾਲੀ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਹੇਠ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਡਿਪਟੀ ਕਮਿਸ਼ਨਰ ਵਲੋਂ ਪੰਜਾਬੀ ਲੇਖਕ ਗੁਰਮੀਤ ਕੜਿਆਲਵੀ ਦਾ ਸਨਮਾਨ

ਫ਼ਰੀਦਕੋਟ, 6 ਦਸੰਬਰ (ਗਿਆਨ ਸਿੰਘ): ਡਿਪਟੀ ਕਮਿਸ਼ਨਰ ਫ਼ਰੀਦਕੋਟ ਵਿਨੀਤ ਕੁਮਾਰ ਵਲੋਂ ਪੰਜਾਬੀ ਲੇਖਕ ਅਤੇ ਤਹਿਸੀਲ ਭਲਾਈ ਅਫਸਰ ਸ੍ਰੀ ਗੁਰਮੀਤ ਕੜਿਆਲਵੀ ਦਾ ਆਪਣੇ ਦਫਤਰ ਵਿੱਚ ਬੁਲਾ ਕੇ ਸਨਮਾਨ ਕੀਤਾ। ਹਾਲ ਹੀ ਵਿੱਚ ਗੁਰਮੀਤ ਕੜਿਆਲਵੀ ਨੂੰ ਉਨ੍ਹਾਂ ਦੀ ਬਾਲ ਸਾਹਿਤ ਪੁਸਤਕ "ਸੱਚੀ ਦੀ ਕਹਾਣੀ" ਲਈ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਤੇ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵਲੋਂ ਉਨ੍ਹਾਂ ਦੀ ਪੁਸਤਕ "ਸ਼ੇਰ ਸ਼ਾਹ ਸੂਰੀ" ਲਈ ਪੁਰਸਕਾਰ ਮਿਲੇ ਹਨ।ਇਸ ਮੌਕੇ ਗੁਰਮੀਤ ਕੜਿਆਲਵੀ ਦਾ ਸਨਮਾਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਖੁਸ਼ੀ ਪ੍ਰਗਟਾਈ ਤੇ ਉਨ੍ਹਾਂ ਦੀ ਹੌਂਸਲਾ ਅਫਜਾਈ ਲਈ ਸਨਮਾਨਿਤ ਕੀਤਾ। ਇਸ ਸਮੇਂ ਪ੍ਰਸਿੱਧ ਲੇਖਕ ਤੇ ਮਹਾਂਰਾਸ਼ਟਰ ਦੀ ਕੇਂਦਰੀ ਵਰਧਾ ਯੂਨੀਵਰਸਿਟੀ ਦੀ "ਚੇਅਰ ਰਾਈਟਰ ਇਨ ਰੈਜੀਡੈਂਟ" ਦੇ ਮੁਖੀ ਸ੍ਰੀ ਨਿੰਦਰ ਘੁਗਿਆਣਵੀ ਨੇ ਗੁਰਮੀਤ ਕੜਿਆਲਵੀ ਦੀ ਕਹਾਣੀ ਤੇ ਨਾਵਲ ਕਲਾ, ਉਨ੍ਹਾਂ ਦੀ ਵਾਰਤਕ ਕਲਾ ਤੇ ਸਾਹਿਤ ਬਾਰੇ ਚਾਨਣਾ ਪਾਇਆ। ਡਿਪਟੀ ਕਮਿਸ਼ਨਰ ਨੇ ਆਸ ਪ੍ਰਗਟਾਈ ਕਿ ਗੁਰਮੀਤ ਕੜਿਆਲਵੀ ਆਉਣ ਵਾਲੇ ਸਮੇਂ ਵਿੱਚ ਹੋਰ ਵਧੇਰੇ ਲਿਖਤਾਂ ਪੰਜਾਬੀ ਸਾਹਿਤ ਨੂੰ ਭੇਟ ਕਰਨਗੇ।



ਇਸ ਮੌਕੇ ਐਸ.ਡੀ.ਐਮ ਫ਼ਰੀਦਕੋਟ ਵਰੁਣ ਕੁਮਾਰ, ਜ਼ਿਲ੍ਹਾ ਭਲਾਈ ਅਫਸਰ ਗੁਰਮੀਤ ਸਿੰਘ ਬਰਾੜ ਹਾਜ਼ਰ ਸਨ।

# ਪੰਜਾਬ ਹੋਮ ਗਾਰਡਜ ਅਤੇ ਸਿਵਲ ਡਿਫੈਂਸ ਦਾ 61ਵਾਂ ਸਥਾਪਨਾ ਦਿਵਸ

ਫਿਰੋਜ਼ਪੁਰ, 6 ਦਸੰਬਰ (ਗਿਆਨ ਸਿੰਘ): ਪੰਜਾਬ ਹੋਮ ਗਾਰਡਜ ਅਤੇ ਸਿਵਲ ਡਿਫੈਂਸ ਦਾ 61ਵਾਂ ਸਥਾਪਨਾ ਦਿਵਸ ਅੱਜ ਦਫਤਰ ਕੰਪਲੈਕਸ ਪੰਜਾਬ ਹੋਮ ਗਾਰਡਜ਼ ਫਿਰੋਜ਼ਪੁਰ ਵਿਖੇ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਮਾਨਯੋਗ ਰਾਸ਼ਟਰਪਤੀ ਦਰੋਪਦੀ ਮੁਰਮੂ, ਡਾਇਰੈਕਟਰ ਜਨਰਲ ਤਾਜ ਹਸਨ ਆਈ.ਪੀ.ਐਸ, ਹੋਮ ਸੈਕਰੇਟਰੀ ਭਾਰਤ ਸਰਕਾਰ ਅਜੇ ਭੱਲਾ ਆਈ.ਏ.ਐਸ ਅਤੇ ਸੰਜੀਵ ਕਾਲੜਾ, ਆਈ.ਪੀ.ਐਸ ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ ਹੋਮ ਗਾਰਡਜ ਅਤੇ ਡਾਇਰੈਕਟਰ ਸਿਵਲ ਡਿਫੈਂਸ ਪੰਜਾਬ ਚੰਡੀਗੜ੍ਹ ਵੱਲੋਂ ਮਿਲੇ ਵਧਾਈ ਸੰਦੇਸ਼ਾ ਨੂੰ ਰਜਿੰਦਰ ਕ੍ਰਿਸ਼ਨ ਜ਼ਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ ਵੱਲੋਂ ਪੜ੍ਹ ਕੇ ਸੁਣਾਏ ਗਏ। ਸਮਾਗਮ ਵਿੱਚ ਚਰਨਜੀਤ ਸਿੰਘ ਡਵੀਜ਼ਨਲ ਕਮਾਂਡੈਂਟ ਪੰਜਾਬ ਹੋਮ ਗਾਰਡਜ਼ ਫਿਰੋਜ਼ਪੁਰ ਮੁੱਖ ਮਹਿਮਾਨ ਵਜੋਂ ਪਹੁੰਚੇ ਜਿੰਨਾ ਨੇ ਪੰਜਾਬ ਹੋਮ ਗਾਰਡਜ ਜਵਾਨਾਂ ਦੀਆਂ ਮਿਹਨਤ ਅਤੇ ਲਗਨ ਨਾਲ ਵੱਖ ਵੱਖ ਡਿਊਟੀਆਂ ਕਰਨ ਸਬੰਧੀ ਸ਼ਲਾਘਾ ਕੀਤੀ। ਇਸ ਮੌਕੇ ਚਰਨਜੀਤ ਸਿੰਘ ਡਿਵੀਜ਼ਨਲ ਕਮਾਂਡੈਂਟ ਵਲੋ ਜਵਾਨਾਂ ਨੂੰ ਡਿਊਟੀ ਇਮਾਨਦਾਰੀ ਅਤੇ ਤੰਨਦੇਹੀ ਨਾਲ ਕਰਨ ਸਬੰਧੀ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਤੇ ਵੱਧੀਆ ਡਿਊਟੀ ਕਰਨ ਵਾਲੇ ਗਾਰਡਜ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਨਿਲ ਕੁਮਾਰ ਪਰੂਥੀ ਬਟਾਲੀਅਨ ਕਮਾਂਡਰ, ਵਕੀਲ ਸਿੰਘ ਉਪ ਬਟਾਲੀਅਨ ਕਮਾਂਡਰ, ਰਿਟਾਇਰਡ ਜ਼ਿਲ੍ਹਾ ਕਮਾਂਡਰ ਰਵਿੰਦਰ ਕੁਮਾਰ ਅਵਸਥੀ, ਪਰਮਿੰਦਰ ਸਿੰਘ ਥਿੰਦ ਚੀਫ ਵਾਰਡਨ ਸਿਵਲ ਡਿਫੈਂਸ ਫਿਰੋਜ਼ਪੁਰ, ਡਿਪਟੀ ਚੀਫ ਵਾਰਡਨ ਪੀ.ਐਨ.ਸ਼ਰਮਾ, ਪੋਸਟ ਵਾਰਡਨ ਰਾਜੇਸ਼ (ਨੰਬਰਦਾਰ) ਅਤੇ ਸਮੂਹ ਸਿਵਲ ਡਿਫੈਂਸ ਸੰਸਥਾ ਦੇ ਸਮੂੰਹ ਮੈਂਬਰ ਆਦਿ ਅਤੇ ਡਵੀਜਨ ਦਫਤਰ, ਜ਼ਿਲ੍ਹਾ ਫਿਰੋਜ਼ਪੁਰ/ਬਟਾਲੀਅਨ ਫਿਰੋਜ਼ਪੁਰ ਦਾ ਸਮੂਹ ਸਟਾਫ ਅਤੇ ਜਵਾਨ ਮੌਜੂਦ ਸਨ।





# Dr. Randhawa Dentistry

*Your own dentist who really cares for you*

**Dr. Samreet Kaur Randhawa**
General Family Dentist

New Patients welcome
Deal Directly with all Insurance Companies

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd / Mcvean Dr / Gore Rd / DENTISTRY / Squire Ellis Dr / Countryside Dr

# Grand Upholstery Ltd

**Sofa Company** Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ **L Shape** ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

**Tel: 905.791.2888 Cell: 647.293.3212**
2053 Williams Pkwy, Unit -45, Brampton | Email: grandupholstery@gmail.com

**URGENTLY NEED NEW LISTINGS IN BRAMPTON/CALEDON**

visit: www.teamjagaujla.com

ADVERTISEMENT GUARANTEED TILL SOLD

# JAG AUJLA
MCNE, REAL ESTATE BROKER
**416-371-7777**
e-mail: j.aujla@rogers.com or visit: www.jagaujla.com

MCNE

**CALL JAG AUJLA FOR A QUICK & FREE HOME EVALUATION**

www.BramptonTopRealtor.com

## RECENTLY LISTED IN YOUR NEIGHBOURHOOD

**Brampton Ontario (Dir/Cross St:Kennedy/Bovaird)**

ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਸੋਹਣਾ ਜਿਹਾ ਘਰ, 3 ਬੈਡਰੂਮ ਅਤੇ 4 ਵਾ-ਸ਼ਰੂਮ ਹਨ, ਫਿਨਿਸ਼ਡ ਬੇਸਮੈਂਟ, 1+1 ਕਿਚਨ, ਮੇਨ ਅਤੇ ਦੂਜੀ ਮੰਜ਼ਲ ਦੇ ਫਲੋਰ ਲੈਮੀਨੇਟਡ ਹਨ, ਮਾਸਟਰ ਬੈਡਰੂਮ ਵਿਚ 4 ਪੀਸੀ ਇਨ-ਸੂਟ ਅਤੇ ਵਾਕਿੰਗ ਕਲੋਜ਼ਟ, ਚਾਰਦਿਵਾਰੀ ਦੇ ਨਾਲ ਯਾਰਡ, ਅਤੇ ਹੋਰ ਵੀ ਬਹੁਤ ਕੁੱਝ।

**Brampton Ontario (Dir/Cross St:The Gore/Castlemore/Gardenbrok)**

ਖ਼ੂਬਸੂਰਤ ਡਿਟੈਚਡ ਘਰ, ਜਿਸ ਵਿਚ 4+2 ਬੈਡਰੂਮ + ਲੌਫਟ + 5 ਵਾਸ਼ਰੂਮ ਹਨ, ਫਿਨਿਸ਼ਡ ਬੇਸਮੈਂਟ ਅਲੱਗ ਇੰਟਰੈਂਸ ਦੇ ਨਾਲ, 1+1 ਕਿਚਨ, ਸਾਰੇ ਬੈਡਰੂਮਜ਼ ਵਿਚ ਲੈਮੀਨੇਟਡ ਫਲੋਰ, ਪ੍ਰਾਇਮਰੀ ਬੈਡਰੂਮ ਵਿਚ 5 ਪੀਸੀ ਇਨਸੂਟ ਅਤੇ ਵਾਕ ਇਨ ਕਲੋਜ਼ਟ, ਦੋ ਮਾਸਟਰ ਬੈਡਰੂਮ, ਪਾਠ/ਪੂਜਾ ਲਈ ਸਥਾਨ ਅਤੇ ਹੋਰ ਵੀ ਬਹੁਤ ਕੁੱਝ।

**Caledon Ontario (Dir/Cross St:Mayfield/ Mclaughlin/Tweedhill)**

ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

**Brampton Ontario (Dir/Cross St:Bramalea/Father Tobin /Fernfor)**

ਰੈਂਪਟਨ ਵਿਚ 3000-3500 ਸਕੁਏਅਰ ਫੁੱਟ ਦਾ ਸੋਹਣਾ ਜਿਹਾ 3 ਸਟੋਰੀ ਡਿਟੈਚਟਡ ਘਰ, ਬਰੈਮਲੀ/ਫਾਦਰ ਟੌਬਿਨ/ਫਰਨਫੋਰ ਇੰਟਰਸੈਕਸ਼ਨ ਉਤੇ ਸਥਿਤ, 5+1 ਬੈਡਰੂਮਜ਼ + 5 ਵਾਸ਼ਰੂਮਜ਼, 2 ਫੈਮਿਲੀ ਰੂਮ ਅਤੇ 2 ਮਾਸਟਰ ਬੈਡਰੂਮਜ਼ ਦੇ ਨਾਲ, ਉਪਰਲੇ ਫਲੋਰ ਦੇ ਸਾਰੇ ਬੈਡਰੂਮਜ਼ ਲੈਮੀਨੇਟਡ, ਕੁਆਰਟਸ ਸੀ ਟਾਪ ਦੇ ਨਾਲ ਸੁੰਦਰ ਕਿਚਨ, ਗੈਰਾਜ ਤੋਂ ਡੋਰ ਐਂਟਰੀ, ਅੰਦਰ ਅਤੇ ਬਾਹਰ ਪੌਟ ਲਾਈਟਾਂ ਲੱਗੀਆਂ ਹੋਈਆਂ, ਦੂਸਰੇ ਫਲੋਰ ਉਤੇ ਲਾਉਂਡਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਸਾਊਂਡ ਸਿਸਟਮ ਦੇ ਨਾਲ।

FREE
- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC.
Ph:905-456-3232

**JAG AUJLA** 416-371-7777
MCNE Real Estate Broker
NOT INTENDED TO SOLICIT BUYERS OR SELLERS CURRENTLY UNDER CONTRACT




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017